Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 20*Issue 03 | Tuesday, January 05, 2021 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਵਿਦੇਸ਼ ਦਾ ਦੌਰਾ ਕਰਨ ਤੋਂ ਬਾਅਦ ਕੰਜ਼ਰਵੇਟਿਵ ਐਮਪੀ ਨੇ ਦਿੱਤਾ ਅਸਤੀਫਾ, ਸੈਨੇਟਰ ਕਰ ਰਹੇ ਹਨ ਕੁਆਰਨਟੀਨ

ਓਟਵਾ, 4 ਜਨਵਰੀ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦੇ ਚੱਲਦਿਆਂ ਕੌਮਾਂਤਰੀ ਸਫਰ ਕਰਨ ਕਾਰਨ ਸੁਰਖੀਆਂ ਵਿੱਚ ਆਏ ਅਧਿਕਾਰੀਆਂ ਦੀ ਸੂਚੀ ਦਿਨ-ਬ-ਦਿਨ ਲੰਮੀਂ ਹੁੰਦੀ ਜਾ ਰਹੀ ਹੈ। ਹੁਣ ਦੋ ਹੋਰ ਕੰਜ਼ਰਵੇਟਿਵ ਸਿਆਸਤਦਾਨਾਂ ਦੇ ਨਾਂ ਇਸ ਸੂਚੀ ਵਿੱਚ ਸ਼ਾਮਲ ਹੋ ਗਏ ਹਨ।



ਓਨਟਾਰੀਓ ਤੋਂ ਕੰਜ਼ਰਵੇਟਿਵ ਐਮਪੀ ਡੇਵਿਡ ਸਵੀਟ ਉਹ ਸ਼ਖਸ ਹਨ ਜਿਨ੍ਹਾਂ ਉੱਤੇ ਵਿਦੇਸ਼ ਦਾ ਦੌਰਾ ਕਰਨ ਲਈ ਗਾਜ਼ ਡਿੱਗੀ ਹੈ। ਪ੍ਰਾਪਰਟੀ ਦੇ ਕਿਸੇ ਮੁੱਦੇ ਦੇ ਸਬੰਧ ਵਿੱਚ ਉਨ੍ਹਾਂ ਵੱਲੋਂ ਪਿੱਛੇ ਜਿਹੇ ਅਮਰੀਕਾ ਦਾ ਦੌਰਾ ਕੀਤਾ ਗਿਆ ਪਰ ਫਿਰ ਉਹ ਮਨੋਰੰਜਨ ਲਈ ਹੀ ਉੱਥੇ ਰੁਕ ਗਏ। ਇਸ ਸਬੰਧ ਵਿੱਚ ਉਨ੍ਹਾਂ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਤੇ ਪਾਰਟੀ ਦੇ ਵ੍ਹਿਪ ਨੂੰ ਵੀ ਜਾਣਕਾਰੀ ਦੇਣੀ ਜ਼ਰੂਰੀ ਨਹੀਂ ਸਮਝੀ। ਉਨ੍ਹਾਂ ਨੂੰ ਹਾਊਸ ਆਫ ਕਾਮਨਜ਼ ਦੀ ਐਕਸੈੱਸ ਟੂ ਇਨਫਰਮੇਸ਼ਨ, ਪ੍ਰਾਈਵੇਸੀ ਤੇ ਐਥਿਕਸ ਕਮੇਟੀ ਦੇ ਚੇਅਰ ਦੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਇਹ ਐਲਾਨ ਵੀ ਕੀਤਾ ਕਿ ਉਹ ਅਗਲੀਆਂ ਫੈਡਰਲ ਚੋਣਾਂ ਵਿੱਚ ਖੜ੍ਹੇ ਨਹੀਂ ਹੋਣਗੇ। ਸਵੀਟ ਨੇ ਇਹ ਵੀ ਆਖਿਆ ਕਿ ਉਹ ਅਜੇ ਥੋੜ੍ਹਾ ਹੋਰ ਸਮਾਂ ਵਿਦੇਸ਼ ਹੀ ਰਹਿਣਗੇ ਤੇ ਜਲਦ ਕੈਨੇਡਾ ਪਰਤਣਗੇ।

ਇਸ ਤੋਂ ਪਹਿਲਾਂ ਪ੍ਰਾਪਤ ਜਾਣਕਾਰੀ ਅਨੁਸਾਰ ਕੰਜ਼ਰਵੇਟਿਵ ਐਮਪੀ ਰੌਨ ਲੀਪਰਟ ਮਾਰਚ ਤੋਂ ਲੈ ਕੇ ਹੁਣ ਤੱਕ ਦੋ ਵਾਰੀ ਅਮਰੀਕਾ ਦਾ ਦੌਰਾ ਕਰ ਚੁੱਕੇ ਹਨ। ਉਹ ਪਾਮ ਡੈਜ਼ਰਟ, ਕੈਲੇਫੋਰਨੀਆ ਸਥਿਤ ਆਪਣੇ ਘਰ ਦੀ ਮੇਨਟੇਨੈਂਸ ਦੇ ਮੁੱਦੇ ਨੂੰ ਲੈ ਕੇ ਉੱਥੇ ਗਏ। ਓਟੂਲ ਦੇ ਆਫਿਸ ਵੱਲੋਂ ਲੀਪਰਟ ਉੱਤੇ ਕਿਸੇ ਕਿਸਮ ਦੀਆਂ ਪਾਬੰਦੀਆਂ ਲਾਏ ਜਾਣ ਦੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਇਹ ਵੀ ਪਤਾ ਲੱਗਿਆ ਹੈ ਕਿ ਕੰਜ਼ਰਵੇਟਿਵ ਸੈਨੇਟਰ ਡੌਨ ਪਲੈਟ ਛੁੱਟੀਆਂ ਦੇ ਦਿਨਾਂ ਵਿੱਚ ਮੈਕਸਿਕੋ ਜਾ ਕੇ ਆਏ ਹਨ ਤੇ ਇਸ ਸਮੇਂ ਮੈਨੀਟੋਬਾ ਵਿਚਲੇ ਆਪਣੇ ਘਰ ਵਿੱਚ ਕੁਆਰਨਟੀਨ ਹਨ। ਓਟੂਲ ਵੱਲੋਂ ਇਸ ਗੱਲ ਉੱਤੇ ਕੋਈ ਟਿੱਪਣੀ ਨਹੀਂ ਕੀਤੀ ਗਈ ਕਿ ਕੀ ਪਲੈਟ ਨੂੰ ਕਿਸੇ ਤਰ੍ਹਾਂ ਦੀਆਂ ਪਾਬੰਦੀਆਂ ਦਾ ਸਾਹਮਣਾ ਕਰਨਾ ਪਵੇਗਾ ਜਾਂ ਨਹੀਂ।

ਲਿਬਰਲ ਤੇ ਐਨਡੀਪੀ ਐਮਪੀਜ਼ ਨੂੰ ਵੀ ਟਰੈਵਲ ਕਰਨ ਲਈ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਨ੍ਹਾਂ ਐਮਪੀਜ਼ ਖਿਲਾਫ ਕਾਰਵਾਈ ਹੋਈ ਹੈ ਉਨ੍ਹਾਂ ਵਿੱਚ ਐਨਡੀਪੀ ਦੀ ਐਮਪੀ ਨਿੱਕੀ ਐਸ਼ਟਨ ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਗਰਮੀਆਂ ਦੌਰਾਨ ਵਿਦੇਸ਼ ਦਾ ਦੌਰਾ ਕਰਨ ਵਾਲੇ ਤਿੰਨ ਲਿਬਰਲ ਐਮਪੀਜ਼ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਲਿਬਰਲ ਵ੍ਹਿਪ ਮਾਰਕ ਹੌਲੈਂਡ ਦੇ ਆਫਿਸ ਨੇ ਆਖਿਆ ਕਿ ਇਹ ਤਿੰਨੇ ਆਪਣੇ ਪਰਿਵਾਰਕ ਮਾਮਲਿਆਂ ਦੇ ਸਬੰਧ ਵਿੱਚ ਵਿਦੇਸ਼ ਗਏ ਸਨ ਇਸ ਲਈ ਉਨ੍ਹਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ। ਪਰ ਦੋ ਹੋਰ ਲਿਬਰਲ ਐਮਪੀਜ਼ ਵੱਲੋਂ ਹੌਲੈਂਡ ਦੇ ਆਫਿਸ ਨੂੰ ਆਪਣੇ ਟਰੈਵਲ ਦੀ ਜਾਣਕਾਰੀ ਨਹੀਂ ਦਿੱਤੀ ਗਈ ਇਸ ਲਈ ਉਨ੍ਹਾਂ ਨੂੰ ਵਾਧੂ ਪਾਰਲੀਆਮੈਂਟਰੀ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ ਗਿਆ।

## ਅਲਬਰਟਾ ਵਿੱਚ ਹੋਏ ਹੈਲੀਕਾਪਟਰ ਹਾਦਸੇ ਵਿੱਚ ਇੱਕੋ ਪਰਿਵਾਰ ਦੇ ਚਾਰ ਜੀਆਂ ਦੀ ਹੋਈ ਮੌਤ

ਐਡਮੰਟਨ, 4 ਜਨਵਰੀ (ਪੋਸਟ ਬਿਊਰੋ) : ਨਵੇਂ ਸਾਲ ਵਾਲੇ ਦਿਨ ਹੈਲੀਕਾਪਟਰ ਵਿੱਚ ਹੋਏ ਹਾਦਸੇ ਵਿੱਚ ਉੱਤਰੀ ਅਲਬਰਟਾ ਦੇ ਇੱਕ ਜੋੜੇ ਤੇ ਉਨ੍ਹਾਂ ਦੀਆਂ ਅੱਠ ਤੇ ਦੋ ਸਾਲ ਦੀਆਂ ਦੋ ਧੀਆਂ ਦੀ ਮੌਤ ਹੋ ਗਈ।



ਗ੍ਰੈਂਡ ਪ੍ਰੇਰੀ ਵਿੱਚ ਉੱਤਰ ਪੱਛਮ ਤੋਂ 100 ਕਿਲੋਮੀਟਰ ਦੀ ਦੂਰੀ ਉੱਤੇ ਖੇਤਾਂ ਵਿੱਚ ਹਾਦਸੇ ਦਾ ਸ਼ਿਕਾਰ ਹੋਏ ਰੌਬਿਨਸਨ ਆਰ 44 ਵਿੱਚ ਮਾਰੇ ਗਏ ਮਹਿਲਾ ਤੇ ਪੁਰਸ਼ ਦੀ ਪਛਾਣ 45 ਸਾਲਾ ਵੇਡ ਤੇ 37 ਸਾਲ ਆਬਰੇ ਬਾਲਿਸਕੀ ਵਜੋਂ ਹੋਈ। ਆਰਸੀਐਮਪੀ ਦੇ ਸਾਰਜੈਂਟ ਸ਼ਾਅਨ ਫਰੈਂਚ ਨੇ ਆਖਿਆ ਕਿ ਇਸ ਹਾਦਸੇ ਵਿੱਚ ਮਾਰੀਆਂ ਗਈਆਂ ਦੋ ਬੱਚੀਆਂ ਵੀ ਇਸ ਜੋੜੇ ਦੀਆਂ ਹੀ ਧੀਆਂ ਸਨ। ਉਨ੍ਹਾਂ ਦੀ ਪਛਾਣ 8 ਸਾਲਾਂ ਦੀ ਜਿਊਲ ਤੇ ਦੋ ਸਾਲਾਂ ਦੀ ਫਲੇਅਰ ਵਜੋਂ ਕੀਤੀ ਗਈ।

ਇਸ ਜੋੜੇ ਦੇ ਤਿੰਨ ਹੋਰ 16,14 ਤੇ 12 ਸਾਲਾਂ ਦੇ ਬੱਚੇ ਵੀ ਹਨ। ਇਹ ਪਰਿਵਾਰ ਡੀਬੋਲਟ, ਅਲਬਰਟਾ ਵਿੱਚ ਰਹਿੰਦਾ ਸੀ। ਗ੍ਰੈਂਡ ਪ੍ਰੇਰੀ-ਮੈਕੈਂਜ਼ੀ ਤੋਂ ਐਮਪੀ ਕ੍ਰਿਸਟੋਫਰ ਵਾਰਕੈਨਟਿਨ, ਜੋ ਕਿ ਔਬਰੇ ਦਾ ਕਜ਼ਨ ਹੈ, ਨੇ ਇੱਕ ਸਾਂਝੇ ਬਿਆਨ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਦਾ ਸ਼ੁਕਰੀਆ ਅਦਾ ਕੀਤਾ।

## ਕੋਵਿਡ-19 ਟੈਸਟ ਦੀ ਨੈਗੇਟਿਵ ਰਿਪੋਰਟ ਨਾਲ ਲਿਆਉਣ ਦੇ ਨਿਯਮ ਕਾਰਨ ਏਅਰਲਾਈਨਜ਼ ਤੇ ਯਾਤਰੀ ਭੰਬਲਭੂਸੇ 'ਚ

ਓਟਵਾ, 4 ਜਨਵਰੀ (ਪੋਸਟ ਬਿਊਰੋ) : ਵਿਦੇਸ਼ਾਂ ਤੋਂ ਕੈਨੇਡਾ ਪਰਤਣ ਵਾਲੇ ਯਾਤਰੀਆਂ ਨੂੰ ਆਪਣੇ ਨਾਲ ਕੋਵਿਡ-19 ਟੈਸਟ ਦੀ ਨੈਗੇਟਿਵ ਰਿਪੋਰਟ ਲੈ ਕੇ ਆਉਣ ਦੇ ਫੈਡਰਲ ਸਰਕਾਰ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਕਾਰਨ ਏਅਰਲਾਈਨਜ਼ ਤੇ ਯਾਤਰੀਆਂ ਦਰਮਿਆਨ ਸਥਿਤੀ ਥੋੜ੍ਹੀ ਭੰਬਲਭੂਸੇ ਵਾਲੀ ਹੈ।



...ਬਾਕੀ ਪੰਨਾ 3 'ਤੇ

## ਭਾਰਤ ਸਰਕਾਰ ਤੇ ਕਿਸਾਨ ਆਗੂਆਂ ਵਿਚਾਲੇ ਮੀਟਿੰਗ ਦਾ ਫਿਰ ਕੋਈ ਨਤੀਜਾ ਨਹੀਂ ਨਿਕਲਿਆ

### * ਅਗਲੀ ਮੀਟਿੰਗ 8 ਜਨਵਰੀ ਨੂੰ ਕਰਨ ਦੀ ਸਹਿਮਤੀ * ਮੰਤਰੀ ਨੇ ਕਿਹਾ: ਕਾਨੂੰਨਾਂ ਦੇ ਸਮੱਰਥਕਾਂ ਨਾਲ ਵੀ ਗੱਲ ਕਰਾਂਗੇ

ਨਵੀਂ ਦਿੱਲੀ, 4 ਜਨਵਰੀ, (ਪੋਸਟ ਬਿਊਰੋ)- ਸਰਕਾਰ ਦੇ ਖੇਤੀ ਕਾਨੂੰਨਾਂ ਦਾ ਵਿਰੋਧ ਕਰਦੀਆਂਕਿਸਾਨ ਜਥੇਬੰਦੀਆਂ ਤੇ ਭਾਰਤ ਸਰਕਾਰ ਦੇ ਤਿੰਨ ਮੰਤਰੀਆਂ ਵਿਚਾਲੇਅੱਜ ਸੋਮਵਾਰ ਹੋਈ ਬੈਠਕ ਵੀ ਬਿਨਾਂ ਨਤੀਜੇ ਤੋਂ ਖ਼ਤਮ ਹੋ ਗਈ। ਇਸ ਦੇ ਬਾਅਦ ਅਗਲੇ ਦੌਰ ਦੀ ਗੱਲਬਾਤ 8 ਜਨਵਰੀ ਨੂੰ ਹੋਣੀ ਤੈਅ ਹੋਈ ਹੈ। ਇਸ ਤੋਂ ਪਹਿਲਾਂ ਜਦੋਂ 6ਵੇਂ ਦੌਰ ਦੀ ਗੱਲਬਾਤ ਹੋਈ ਤਾਂ ਉਸ ਵਿੱਚ 2 ਮੁੱਦਿਆਂ ਉੱਤੇ ਸਹਿਮਤੀ ਬਣੀ ਸੀ, ਪਰ ਅੱਜ ਸਥਿਤੀ ਉਲਟ ਰਹੀ।



ਅੱਜ ਸੋਮਵਾਰ ਨੂੰ ਨਵੀਂ ਦਿੱਲੀ ਦੇ ਵਿਗਿਆਨ ਭਵਨ ਵਿੱਚ 40 ਕਿਸਾਨ ਜਥੇਬੰਦੀਆਂ ਦੇ ਆਗੂਆਂ ਅਤੇ ਕੇਂਦਰ ਦੇ ਮੰਤਰੀਆਂਵਿਚਾਲੇ7ਵੇਂ ਦੌਰ ਦੀਗੱਲਬਾਤ ਸ਼ੁਰੂ ਬੇਨਤੀਜਾ ਰਹਿਣ ਤੋਂ ਬਾਅਦ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਕਿਸਾਨ ਆਗੂ ਤਿੰਨ ਖੇਤੀਕਾਨੂੰਨਾਂਬਾਰੇ ਵਿਸਥਾਰ ਨਾਲ ਚਰਚਾ ਕਰਨ, ਪਰ ਕਿਸਾਨ ਆਗੂ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਨ ਉੱਤੇਹੀ ਅੜੇ ਰਹੇ, ਇਸ ਲਈ ਅਸੀਂ ਕਿਸੇ ਨਤੀਜੇ ਉੱਤੇ ਨਹੀਂ ਪਹੁੰਚ ਸਕੇ। ਉਨ੍ਹਾਂ ਨੇ ਆਸਜ਼ਾਹਰ ਕੀਤੀ ਕਿ 8 ਜਨਵਰੀ ਦੀ ਅਗਲੀ ਬੈਠਕ ਵਿੱਚਮਸਲੇ ਕੋਈ ਨਾ ਕੋਈ ਨਿਕਲ ਸਕਦਾ ਹੈ, ਪਰ ਇਸ ਤੋਂ ਪਹਿਲਾਂ ਸਾਨੂੰ ਇਨ੍ਹਾਂ ਕਾਨੂੰਨਾਂ ਦੇ ਹਮਾਇਤੀਆਂ ਨਾਲ ਵੀ ਗੱਲ ਕਰਨੀ ਪਵੇਗੀ।

ਦੂਸਰੇ ਪਾਸੇ ਬੈਠਕ ਦੇ ਖਤਮ ਹੋਣ ਤੋਂ ਬਾਅਦ ਭਾਰਤੀ ਕਿਸਾਨ ਯੂਨੀਅਨ ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਦੱਸਿਆ ਕਿ ਸਰਕਾਰ ਨਾਲ ਉਨ੍ਹਾਂ ਦੀ ਮੁੱਦਿਆਂ ਉੱਤੇ ਗੱਲ ਹੋਈ ਹੈ, ਪਰ ਸਹਿਮਤੀ ਨਹੀਂ ਹੋਈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਇਕੋ ਮੰਗ ਹੈ ਕਿ ਨਵੇਂ ਖੇਤੀ ਕਾਨੂੰਨ ਵਾਪਸ ਹੋਣੇ ਚਾਹੀਦੇ ਹਨ, ਜੇਕਾਨੂੰਨ ਵਾਪਸੀ ਨਹੀਂ ਤਾਂ ਸਾਡੀ ਘਰ ਵਾਪਸੀ ਵੀ ਨਹੀਂ।



ਇਸ ਦੌਰਾਨ ਇਹ ਗੱਲ ਨਿਕਲੀ ਹੈ ਕਿ ਸਰਕਾਰ ਖੇਤੀ ਕਾਨੂੰਨਾਂ ਨੂੰ ਰੱਦ ਕਰਨਦੀ ਬਜਾਏ ਕਿਸਾਨੀ ਫਸਲਾਂ ਲਈ ਘੱਟੋ-ਘੱਟ ਖਰੀਦ ਕੀਮਤ (ਐੱਮ ਐੱਸ ਪੀ) ਦੀਕਾਨੂੰਨੀ ਗਰੰਟੀ ਦੇਣ ਬਾਰੇ ਮੰਨ ਸਕਦੀ ਹੈ।

...ਬਾਕੀ ਪੰਨਾ 3 'ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!! | ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home | Auto | Business | Trucking | Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
- Student Visa / Study Permit
- LMIA / Work permit
- Permanent Residency
- Family Sponsorship
- Nanny
- Visitor Visa
- Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1 Lic # R534503

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

ALL KINDS OF IMMIGRATION SERVICES
Call: 416 278 4449 / 204 295 4449
World Gateway Immigration Company since 2010
Get PERMANENT RESIDENCY | If You are on Work Permit/Visitor in Canada
ZORA KAINTH Director, Member of ICCRC, Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE 647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
- Best INR Rate
- Fastest Service
- 24x7 Service
- Secure Transaction
- Special Business Account
Send - Exchange - Receive
Toll Free: 1833 823 5439 | 647 783 0049

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!! *Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE | A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਕੋਵਿਡ-19 ਟੈਸਟ ਦੀ ਨੈਗੇਟਿਵ ਰਿਪੋਰਟ ਨਾਲ ਲਿਆਉਣ ਦੇ ਨਿਯਮ ਕਾਰਨ ਏਅਰਲਾਈਨਜ਼ ਤੇ ਯਾਤਰੀ ਭੰਬਲਭੂਸੇ 'ਚ

...ਪੰਨਾ 1 ਦਾ ਬਾਕੀ

ਟਰਾਂਸਪੋਰਟ ਮੰਤਰੀ ਮਾਰਕ ਗਾਰਨਿਊ ਨੇ ਪਿਛਲੇ ਵੀਰਵਾਰ ਇਹ ਐਲਾਨ ਕੀਤਾ ਸੀ ਕਿ ਵਿਦੇਸ਼ ਤੋਂ ਕੈਨੇਡਾ ਆਉਣ ਵਾਲੇ ਯਾਤਰੀਆਂ ਨੂੰ ਆਪਣਾ ਨੈਗੇਟਿਵ ਮੌਲੀਕਿਊਲਰ ਟੈਸਟ, ਜਿਸ ਨੂੰ ਪੀਸੀਆਰ ਟੈਸਟ ਵੀ ਆਖਿਆ ਜਾਂਦਾ ਹੈ, ਜੋ ਕਿ ਡਿਪਾਰਚਰ ਤੋਂ 72 ਘੰਟਿਆਂ ਦੇ ਅੰਦਰ ਅੰਦਰ ਲਿਆ ਗਿਆ ਹੋਵੇ, ਪੇਸ਼ ਕਰਨਾ ਹੋਵੇਗਾ। ਨੈਸ਼ਨਲ ਏਅਰਲਾਈਨਜ਼ ਕਾਊਂਸਲ ਆਫ ਕੈਨੇਡਾ ਦੇ ਚੀਫ ਐਗਜ਼ੈਕਟਿਵ ਮਾਈਕ ਮੈਕਨੈਨੇ ਨੇ ਆਖਿਆ ਕਿ ਟਰਾਂਸਪੋਰਟ ਡਿਪਾਰਟਮੈਂਟ ਵੱਲੋਂ ਅਜੇ ਉਨ੍ਹਾਂ ਵਿਦੇਸ਼ੀ ਏਜੰਸੀਆਂ ਦੀ ਲਿਸਟ ਮੁਹੱਈਆ ਕਰਵਾਈ ਜਾਣੀ ਹੈ ਜਿਨ੍ਹਾਂ ਦੇ ਅਜਿਹੇ ਟੈਸਟਾਂ ਨੂੰ ਮਾਨਤਾ ਦਿੱਤੀ ਜਾਵੇਗੀ ਜਾਂ ਫਿਰ ਇਸ ਸਬੰਧ ਵਿੱਚ ਵੀ ਦਿਸ਼ਾ ਨਿਰਦੇਸ਼ ਜਾਰੀ ਕਰਨੇ ਹਨ ਕਿ ਏਅਰਲਾਈਨ ਇੰਪਲੌਈਜ਼ ਇਹ ਕਿਸ ਤਰ੍ਹਾਂ ਤੈਅ ਕਰਨ ਕਿ ਕੋਈ ਟੈਸਟ ਸਰਟੀਫਿਕੇਟ ਜਾਇਜ਼ ਹੈ ਜਾਂ ਨਹੀਂ।

ਉਨ੍ਹਾਂ ਆਖਿਆ ਕਿ ਹੁਣ ਜਦੋਂ ਇਨ੍ਹਾਂ ਨਿਯਮਾਂ ਨੂੰ ਲਾਗੂ ਕੀਤੇ ਜਾਣ ਵਿੱਚ ਇੱਕ ਹਫਤੇ ਤੋਂ ਵੀ ਘੱਟ ਦਾ ਸਮਾਂ ਰਹਿ ਗਿਆ ਹੈ, ਸਾਨੂੰ ਅਜੇ ਤੱਕ ਵੀ ਅੰਤਰਿਮ ਹੁਕਮਾਂ ਦੀਆਂ ਕਾਪੀਆਂ ਲਿਖਤੀ ਤੌਰ ਉੱਤੇ ਨਹੀਂ ਮਿਲੀਆਂ। ਉਨ੍ਹਾਂ ਆਖਿਆ ਕਿ ਇਸ ਪ੍ਰਕਿਰਿਆ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਾਨੂੰ ਅੰਤਰਿਮ ਹੁਕਮਾਂ ਦੀਆਂ ਕਾਪੀਆਂ ਤਾਂ ਚਾਹੀਦੀਆਂ ਹੋਣਗੀਆਂ।

ਮੈਕਨੈਨੇ ਨੇ ਆਖਿਆ ਕਿ ਇਨ੍ਹਾਂ ਨਵੇਂ ਨਿਯਮਾਂ, ਜਿਨ੍ਹਾਂ ਵਿੱਚ ਟੈਸਟ ਨਤੀਜੇ ਕੁੱਝ ਵੀ ਹੋਣ ਦੇ ਬਾਵਜੂਦ ਯਾਤਰੀ ਨੂੰ 14 ਦਿਨਾਂ ਲਈ ਕੈਨੇਡਾ ਵਿੱਚ ਕੁਆਰਨਟੀਨ ਕੀਤੇ ਜਾਣ ਦੀ ਸ਼ਰਤ ਨਾਲ ਏਅਰਲਾਈਨਜ਼ ਤੇ ਯਾਤਰੀਆਂ ਵਿੱਚ ਸਥਿਤੀ ਕਾਫੀ ਭੰਬਲਭੂਸੇ ਵਾਲੀ ਹੈ। ਏਅਰ ਟਰਾਂਜ਼ੈਟ ਦੇ ਵਾਈਸ ਪੈਜ਼ੀਡੈਂਟ ਕ੍ਰਿਸਟੋਫੇ ਹੈਨੇਬੈਲ ਨੇ ਆਖਿਆ ਕਿ ਓਟਵਾ ਵੱਲੋਂ ਇਹ ਨਵੀਂ ਸ਼ਰਤ ਰੱਖ ਦਿੱਤੀ ਗਈ ਹੈ, ਜੋ ਕਿ ਵੀਰਵਾਰ ਤੋਂ ਪ੍ਰਭਾਵੀ ਹੋ ਰਹੀ ਹੈ। ਇਸ ਲਈ ਸਰਕਾਰ ਨੇ ਕਿਸੇ ਨਾਲ ਅਗਾਊਂ ਸਲਾਹ ਮਸ਼ਵਰਾ ਵੀ ਨਹੀਂ ਕੀਤਾ। ਨਾ ਹੀ ਸਾਨੂੰ ਕੋਈ ਅਗਾਊਂ ਨੋਟਿਸ ਭੇਜਿਆ ਗਿਆ ਹੈ। ਉਨ੍ਹਾਂ ਆਖਿਆ ਕਿ ਸਾਨੂੰ ਲੱਗਦਾ ਹੈ ਕਿ ਸਰਕਾਰ ਟਰੈਵਲ ਰੋਕਣਾ ਚਾਹੁੰਦੀ ਹੈ ਪਰ ਸਿੱਧੇ ਤੌਰ ਉੱਤੇ ਨਹੀਂ ਆਖ ਰਹੀ। ਟਰਾਂਸਪੋਰਟ ਕੈਨੇਡਾ ਨੇ ਇਸ ਸਵਾਲ ਉੱਤੇ ਫੌਰੀ ਤੌਰ ਉੱਤੇ ਕੋਈ ਪ੍ਰਤੀਕਿਰਿਆ ਨਹੀਂ ਪ੍ਰਗਟਾਈ।

# ਭਾਰਤ ਸਰਕਾਰ ਤੇ ਕਿਸਾਨ ਆਗੂਆਂ ਵਿਚਾਲੇ ਮੀਟਿੰਗ ਦਾ ਫਿਰ ਕੋਈ ਨਤੀਜਾ ਨਹੀਂ ਨਿਕਲਿਆ

...ਪੰਨਾ 1 ਦਾ ਬਾਕੀ

ਅੱਜ ਕਿਸਾਨਾਂ ਤੇ ਸਰਕਾਰ ਵਿਚਾਲੇ ਗੱਲਬਾਤ ਕੁਝ ਦੇਰ ਲਈ ਲੰਚ ਕਰਨ ਵਾਸਤੇ ਰੁਕੀ ਸੀ, ਪਰ ਇਸ ਵਾਰੀ ਜਦੋਂ ਕਿਸਾਨ ਆਗੂਆਂ ਨੇ ਲੰਗਰ ਤੋਂ ਆਇਆ ਪ੍ਰਸ਼ਾਦਾ ਛਕਿਆ ਤਾਂ ਉਸ ਵੇਲੇ ਕੇਂਦਰੀ ਮੰਤਰੀਆਂ ਨੇ ਕਿਸਾਨਾਂ ਨਾਲ ਲੰਗਰ ਛਕਣ ਦੀ ਥਾਂ ਸਰਕਾਰੀ ਭੋਜਨ ਹੀ ਛਕਿਆ ਅਤੇ ਪਹਿਲਾਂ ਵਾਲੀ ਸੁਹਿਰਦਤਾ ਨਹੀਂ ਰਹੀ।ਚਰਚਾ ਹੈ ਕਿ ਕਿਸਾਨ ਆਗੂਆਂ ਨੇ ਖੁਦ ਹੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ, ਰੇਲ ਮੰਤਰੀ ਪਿਊਸ਼ ਗੋਇਲ ਅਤੇ ਵਪਾਰ ਬਾਰੇ ਰਾਜ ਮੰਤਰੀ ਸੋਮ ਪ੍ਰਕਾਸ਼ ਨੂੰ ਕਿਹਾ ਕਿ ਅੱਜਅਸੀਂ ਤੁਹ-ਾਡੇ ਨਾਲ ਲੰਗਰ ਨਹੀਂ ਛਕਾਂਗੇ, ਤੁਸੀਂ ਆਪਣਾ ਖਾਣਾ ਖਾਓ ਤੇ ਅਸੀਂ ਆਪਣਾ ਛਕਾਂਗੇ।

# ਟਾਈਗਰਜੀਤ ਸਿੰਘ ਫਾਊਂਡੇਸ਼ਨ ਨੇ ਹਾਲਟਨ ਪੁਲਿਸ ਦੇ ਸਹਿਯੋਗ ਨਾਲ ਲੋੜਵੰਦ ਪਰਿਵਾਰਾਂ ਲਈ ਇੱਕਠੇ ਕੀਤੇ 275,000 ਡਾਲਰ

ਓਨਟਾਰੀਓ, 4 ਜਨਵਰੀ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦੇ ਇਸ ਦੌਰ ਵਿੱਚ ਆਪਣੇ ਬੱਚਿਆਂ ਨੂੰ ਕ੍ਰਿਸਮਸ ਮੌਕੇ ਇੱਕ ਖਿਡੌਣਾ ਲੈ ਕੇ ਦੇਣ ਤੋਂ ਵੀ ਅਸਮਰੱਥ ਕੁੱਝ ਪਰਿਵਾਰਾਂ ਲਈ ਇਹ ਸਾਲ ਹੋਰ ਵੀ ਜ਼ਿਆਦਾ ਮੁਸ਼ਕਲਾਂ ਭਰਿਆ ਰਿਹਾ। ਅਜਿਹੇ ਘੱਟ ਖੁਸ਼ਕਿਸਮਤ ਪਰਿਵਾਰਾਂ ਲਈ ਟਾਈਗਰਜੀਤ ਸਿੰਘ ਫਾਊਂਡੇਸ਼ਨ (ਟੀ ਜੇ ਐਸ ਐਫ) ਨੇ ਹਾਲਟਨ ਪੁਲਿਸ (ਐਚ ਆਰ ਪੀ ਐਸ ) ਨਾਲ ਭਾਈਵਾਲੀ ਵਿੱਚ 275,000 ਡਾਲਰ ਦੀ ਡੋਨੇਸ਼ਨ ਤੇ ਸਪਾਂਸਰਸ਼ਿਪ ਇੱਕਠੀ ਕੀਤੀ।

ਟੀ ਜੇ ਐਸ ਐਫ ਦੀ ਮਿਰੈਕਲ ਆਨ ਮੇਨ ਡਰਾਈਵ ਅਤੇ ਐਚ ਆਰ ਪੀ ਐਸ ਦੀ ਟੌਇਜ਼ ਫੌਰ ਟੌਟਸ ਵਰਗੀ ਸਾਂਝੀ ਪਹਿਲਕਦਮੀ ਨਾਲ ਇਸ ਵਾਰੀ ਪਹਿਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਪਰਿਵਾਰਾਂ ਤੇ ਬੱਚਿਆਂ ਦੀ ਮਦਦ ਦਾ ਟੀਚਾ ਪੂਰਾ ਕੀਤਾ ਗਿਆ। ਪਿਛਲੇ ਸਾਲ ਮੈਂਟਲ ਹੈਲਥ, ਪਰਿਵਾਰਾਂ ਦੀ ਭਲਾਈ ਤੇ ਤਕਨਾਲੋਜੀ ਵਰਗੀਆਂ ਪੇਸ਼ਕਦਮੀਆਂ ਦੇ ਸਮਰਥਨ ਵਿੱਚ ਲੋਕਲ ਪਬਲਿਕ ਸਕੂਲਾਂ ਨੂੰ 30,000 ਡਾਲਰ ਡੋਨੇਟ ਕੀਤੇ ਗਏ।ਆਪਣੀ ਕਮਿਊਨਿਟੀ ਦੀ ਮਦਦ ਕਰਨ ਲਈ ਹਮੇਸ਼ਾਂ ਤਿਆਰ ਰਹਿਣ ਵਾਲੇ ਲੋਕਲ ਕਾਰੋਬਾਰਾਂ ਦੀ ਮਦਦ ਲਈ 30,000 ਦੇ ਗਿਫਟ ਕਾਰਡ ਹਾਲਟਨ ਦੇ ਲੋਕਲ ਰੈਸਟੋਰੈਂਟਸ ਤੋਂ ਖਰੀਦੇ ਗਏ ਤੇ ਫਿਰ ਰੀਜਨ ਭਰ ਵਿੱਚ ਲੋੜਵੰਦ ਪਰਿਵਾਰਾਂ ਤੇ ਮਹਿਲਾਵਾਂ ਨੂੰ ਡੋਨੇਟ ਕੀਤੇ ਗਏ।



ਟੀ ਜੇ ਐਸ ਐਫ ਅਤੇ ਐਚ ਆਰ ਪੀ ਐਸ ਦੇ ਮੈਂਬਰਾਂ ਨੇ ਲੋੜਵੰਦ ਪਰਿਵਾਰਾਂ ਤੇ ਆਰਗੇਨਾਈਜ਼ੇਸ਼ਨਜ਼ ਲਈ ਡੋਨੇਟ ਕੀਤੀਆਂ ਗਈਆਂ ਆਈਟਮਾਂ ਇੱਕਠੀਆਂ ਕਰਨ, ਉਨਾਂ ਨੂੰ ਪੈਕ ਕਰਨ ਤੇ ਡਲਿਵਰ ਕਰਨ ਲਈ ਆਪਣਾ ਕਾਫੀ ਸਮਾਂ ਖਰਚ ਕੀਤਾ। ਇਸ ਸਾਲ ਦੀ ਕੈਂਪੇਨ ਲਈ ਅੰਦਾਜ਼ਨ 40 ਕਾਰੋਬਾਰੀਆਂ ਤੇ ਕਮਿਊਨਿਟੀ ਭਾਈਵਾਲਾਂ ਨੇ ਡੋਨੇਟ ਕੀਤਾ। ਇਸ ਮੌਕੇ ਟਾਈਗਰਜੀਤ ਸਿੰਘ ਫਾਊਂਡੇਸ਼ਨ ਦੇ ਪ੍ਰੈਜ਼ੀਡੈਂਟ ਟਾਈਗਰਜੀਤ ਸਿੰਘ ਜੂਨੀਅਰ ਨੇ ਆਖਿਆ ਕਿ ਕਮਿਊਨਿਟੀ ਦੀ ਸੇਫਟੀ ਤੇ ਭਲਾਈ ਸਾਡੀ ਸੱਭ ਦੀ ਸਾਂਝੀ ਜ਼ਿੰਮੇਵਾਰੀ ਹੈ ਤੇ ਇਹ ਵੇਖ ਕੇ ਬਹੁਤ ਖੁਸ਼ੀ ਹੁੰਦੀ ਹੈ ਕਿ ਕਈ ਲੋਕ ਤੇ ਆਰਗੇਨਾਈਜ਼ੇਸ਼ਨਜ਼ ਆਪਣੀ ਜ਼ਿੰਮੇਵਾਰੀ ਸਮਝਦਿਆਂ ਹੋਇਆਂ ਇਸ ਤਰ੍ਹਾਂ ਦੀ ਮੁਹਿੰਮ ਨਾਲ ਜੁੜਦੇ ਹਨ। ਇਸ ਦੌਰਾਨ ਡਿਪਟੀ ਚੀਫ ਰੌਜਰ ਵਿਲਕੀ ਨੇ ਆਖਿਆ ਕਿ ਟਾਈਗਰਜੀਤ ਸਿੰਘ ਫਾਊਂਡੇਸ਼ਨ ਨਾਲ ਕੰਮ ਕਰਨਾ ਬਹੁਤ ਹੀ ਮਾਣ ਵਾਲੀ ਗੱਲ ਹੈ ਤੇ ਸਾਰੇ ਲੋੜਵੰਦਾਂ ਦੀ ਮਦਦ ਕਰਕੇ ਸਾਨੂੰ ਬਹੁਤ ਵਧੀਆ ਲੱਗਿਆ।

# ਕ੍ਰਿਸਮਸ ਤੋਂ ਲੈ ਕੇ ਹੁਣ ਤੱਕ ਲੋਬਲਾਅਜ਼ ਦੇ 75 ਮੁਲਾਜ਼ਮ ਆਏ ਕੋਵਿਡ-19 ਪਾਜ਼ੀਟਿਵ

ਟੋਰਾਂਟੋ, 4 ਜਨਵਰੀ (ਪੋਸਟ ਬਿਊਰੋ) : ਲੋਬਲਾਅਜ਼ ਦਾ ਕਹਿਣਾ ਹੈ ਕਿ ਕ੍ਰਿਸਮਸ ਤੋਂ ਇੱਕ ਦਿਨ ਪਹਿਲੀ ਸ਼ਾਮ ਤੋਂ ਲੈ ਕੇ ਹੁਣ ਤੱਕ ਉਨ੍ਹਾਂ ਦੇ 75 ਮੁਲਾਜ਼ਮ ਇੱਕਲੇ ਜੀਟੀਏ ਵਿੱਚ ਹੀ ਕੋਵਿਡ-19 ਪਾਜ਼ੀਟਿਵ ਆ ਚੁੱਕੇ ਹਨ।




ਕੰਪਨੀ ਦੀ ਵੈੱਬਸਾਈਟ ਅਨੁਸਾਰ ਉਨ੍ਹਾਂ ਦੇ ਇਹ ਮੁਲਾਜ਼ਮ ਉਨ੍ਹਾਂ ਦੇ 60 ਸਟੋਰਾਂ ਵਿੱਚ ਕੰਮ ਕਰਦੇ ਹਨ। ਸਿਟੀ ਆਫ ਟੋਰਾਂਟੋ ਵਿੱਚ ਹੀ ਅਜਿਹੀਆਂ 30 ਲੋਕੇਸ਼ਨਾਂ ਹਨ ਜਿੱਥੋਂ ਦੇ ਮੁਲਾਜ਼ਮ ਪਾਜ਼ੀਟਿਵ ਆਏ ਹਨ। ਐਤਵਾਰ ਨੂੰ ਕੰਪਨੀ ਨੇ ਜੀਟੀਏ ਦੇ 19 ਸਟੋਰਾਂ ਵਿੱਚ ਕੰਮ ਕਰਨ ਵਾਲੇ ਕੰਪਨੀ ਦੇ ਮੁਲਾਜ਼ਮਾਂ ਦੇ ਪਾਜ਼ੀਟਿਵ ਆਉਣ ਦੀ ਰਿਪੋਰਟ ਦਿੱਤੀ। ਕੰਪਨੀ ਦੀ ਸਾਈਟ ਉੱਤੇ ਓਨਟਾਰੀਓ ਭਰ ਵਿੱਚ 100 ਸਟੋਰਾਂ ਉੱਤੇ 125 ਮਾਮਲੇ ਪਾਏ ਜਾਣ ਦੀ ਰਿਪੋਰਟ ਵੀ ਕੀਤੀ ਗਈ ਹੈ।

ਪ੍ਰਭਾਵਿਤ ਸਟੋਰਾਂ ਵਿੱਚ ਲੋਬਲਾਅ ਦੀ ਮੇਨਲਾਈਨ ਲੋਕੇਸ਼ਨ ਦੇ ਨਾਲ ਨਾਲ ਸ਼ਾਪਰਜ਼ ਡਰੱਗ ਮਾਰਟ, ਨੌਫਰਿੱਲਜ਼, ਰੀਅਲ ਕੈਨੇਡੀਅਨ ਸੁਪਰਸਟੋਰ ਤੇ ਹੋਰ ਸਟੋਰ ਜਿਹੜੇ ਲੋਬਲਾਅਜ਼ ਦੇ ਨਾਂ ਥੱਲੇ ਚੱਲਦੇ ਹਨ, ਸ਼ਾਮਲ ਹਨ। ਕੰਪਨੀ ਦਾ ਕਹਿਣਾ ਹੈ ਕਿ ਉਹ ਪਬਲਿਕ ਹੈਲਥ ਅਧਿਕਾਰੀਆਂ ਦੇ ਨਾਲ ਕੰਮ ਕਰਨਾ ਜਾਰੀ ਰੱਖੇਗੀ ਤੇ ਹਰ ਪੱਖੋਂ ਸਹਿਯੋਗ ਦੇਵੇਗੀ।

# ਲਾਕਡਾਊਨ ਕਾਰਨ ਓਨਟਾਰੀਓ ਵਿੱਚ ਵਰਚੂਅਲ ਕਲਾਸਾਂ ਲਾਊਣਗੇ ਵਿਦਿਆਰਥੀ

ਓਨਟਾਰੀਓ, 4 ਜਨਵਰੀ (ਪੋਸਟ ਬਿਊਰੋ) : ਪ੍ਰੋਵਿੰਸ ਭਰ ਵਿੱਚ ਲੱਗੇ ਲਾਕਡਾਊਨ ਵਜੋ ਸੋਮਵਾਰ ਨੂੰ ਓਨਟਾਰੀਓ ਦੇ ਵਿਦਿਆਰਥੀ ਵਰਚੂਅਲ ਕਲਾਸਾਂ ਵਿੱਚ ਹੀ ਹਿੱਸਾ ਲੈਣਗੇ।



ਸਰਦ ਰੁੱਤ ਦੀਆਂ ਛੁੱਟੀਆਂ ਤੋਂ ਬਾਅਦ ਉੱਤਰੀ ਓਨਟਾਰੀਓ ਦੇ ਸਾਰੇ ਵਿਦਿਆਰਥੀ ਤੇ ਦੱਖਣੀ ਓਨਟਾਰੀਓ ਦੇ ਐਲੀਮੈਂਟਰੀ ਵਿਦਿਆਰਥੀਆਂ ਲਈ ਇਹ ਮਾਪਦੰਡ ਪਿਛਲੇ ਹਫਤੇ ਵਿੱਚ ਸਮਾਪਤ ਹੋ ਗਏ। ਦੱਖਣੀ ਓਨਟਾਰੀਓ ਦੇ ਹਾਈ ਸਕੂਲ ਵਿਦਿਆਰਥੀ 25 ਜਨਵਰੀ ਤੱਕ ਆਨਲਾਈਨ ਲਰਨਿੰਗ ਜਾਰੀ ਰੱਖਣਗੇ। ਪ੍ਰੋਵਿੰਸ ਭਰ ਵਿੱਚ ਸਟਡਾਊਨ ਤੋਂ ਬਾਅਦ ਵੀ ਚਾਈਲਡ ਕੇਅਰ ਖੁੱਲ੍ਹੀ ਰਹੇਗੀ। ਪਰ ਜਿਸ ਸਮੇਂ ਐਲੀਮੈਂਟਰੀ ਸਕੂਲ ਵਰਚੂਅਲੀ ਆਪਰੇਟ ਕਰਨਗੇ ਉਸ ਦੌਰਾਨ ਲਾਇਸੰਸਸ਼ੁਦਾ ਚਾਈਲਡ ਕੇਅਰ ਸੈਂਟਰ ਤੇ ਆਥੋਰਾਈਜ਼ਡ ਮਨੋਰੰਜਨ ਤੇ ਸਕਿੱਲ ਬਿਲਡਿੰਗ ਪ੍ਰੋਵਾਈਡਰਜ਼ ਨੂੰ ਸਕੂਲ ਜਾਣ ਵਾਲੇ ਬੱਚਿਆਂ ਨੂੰ ਸਰਵ ਕਰਨ ਤੋਂ ਵਰਜਿਆ ਗਿਆ ਹੈ।

ਇਸ ਤੋਂ ਪਹਿਲਾਂ ਤੇ ਬਾਅਦ ਵਿੱਚ ਸਕੂਲ ਪ੍ਰੋਗਰਾਮਾਂ 4 ਜਨਵਰੀ ਤੋਂ 8 ਜਨਵਰੀ ਤੱਕ ਬੰਦ ਰਹਿਣਗੇ। ਇਹ ਪ੍ਰੋਵਿੰਸ਼ੀਅਲ ਲਾਕਡਾਊਨ ਦਾ ਹੀ ਹਿੱਸਾ ਹੈ ਤੇ ਇਹ ਬਾਕਸਿੰਗ ਡੇਅ ਉੱਤੇ ਸ਼ੁਰੂ ਹੋਇਆ ਤੇ ਇਹ 9 ਜਨਵਰੀ ਤੱਕ ਉੱਤਰੀ ਓਨਟਾਰੀਓ ਤੇ 23 ਜਨਵਰੀ ਤੱਕ ਦੱਖਣੀ ਓਨਟਾਰੀਓ ਵਿੱਚ ਜਾਰੀ ਰਹੇਗਾ।

# ਬਰੈਂਪਟਨ ਵਿੱਚ ਦੋ ਗੱਡੀਆਂ ਵਿੱਚ ਹੋਈ ਟੱਕਰ, ਇੱਕ ਗੰਭੀਰ ਜ਼ਖ਼ਮੀ

ਬਰੈਂਪਟਨ, 4 ਜਨਵਰੀ (ਪੋਸਟ ਬਿਊਰੋ) : ਕੱਲ੍ਹ ਬਰੈਂਪਟਨ ਵਿੱਚ ਇੱਕ ਪਿੱਕਅੱਪ ਟਰੱਕ ਤੇ ਟਰਾਂਸਪੋਰਟ ਟਰੱਕ ਦਰਮਿਆਨ ਹੋਈ ਟੱਕਰ ਵਿੱਚ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।




ਪੀਲ ਪੁਲਿਸ ਨੂੰ ਰਾਤੀਂ 1:00 ਵਜੇ ਕੁਈਨ ਸਟਰੀਟ ਈਸਟ ਤੇ ਚੈਰੀਕ੍ਰੈਸਟ ਡਰਾਈਵ ਉੱਤੇ ਹੋਏ ਹਾਦਸੇ ਦੇ ਸਬੰਧ ਵਿੱਚ ਸੱਦਿਆ ਗਿਆ। ਪਿੱਕਅੱਪ ਟਰੱਕ ਦੇ ਡਰਾਈਵਰ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਦੂਜੇ ਪਾਸੇ ਟਰਾਂਸਪੋਰਟ ਟਰੱਕ ਦੇ ਡਰਾਈਵਰ ਨੂੰ ਕੋਈ ਸੱਟ ਫੇਟ ਨਹੀਂ ਲੱਗੀ ਤੇ ਉਹ ਮੌਕੇ ਉੱਤੇ ਹੀ ਮੌਜੂਦ ਵੀ ਰਿਹਾ।

ਇਸ ਇਲਾਕੇ ਦੀਆਂ ਸੜਕਾਂ ਨੂੰ ਜਾਂਚ ਲਈ ਬੰਦ ਕਰ ਦਿੱਤਾ ਗਿਆ ਹੈ ਤੇ ਡਰਾਈਵਰਾਂ ਨੂੰ ਬਦਲਵੇਂ ਰੂਟ ਲੈਣ ਲਈ ਆਖਿਆ ਜਾ ਰਿਹਾ ਹੈ।ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਹਾਦਸੇ ਦਾ ਕਾਰਨ ਕੀ ਸੀ।

# ਨਵਾਂ ਸਾਲ ਸਾਰਿਆਂ ਲਈ ਤਰੱਕੀ, ਸਿਹਤਯਾਬੀ ਅਤੇ ਖੁਸ਼ਹਾਲੀ ਭਰਿਆ ਹੋਵੇ : ਸੋਨੀਆ ਸਿੱਧੂ

ਬਰੈਂਪਟਨ - ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਸਮੂਹ ਬਰੈਂਪਟਨ ਸਾਊਥ ਵਾਸੀਆਂ ਅਤੇ ਕੈਨੇਡੀਅਨਾਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ "ਮੈਂ ਆਸ ਕਰਦੀ ਹਾਂ ਕਿ ਨਵਾਂ ਸਾਲ ਤੁਹਾਡੇ ਸਾਰਿਆਂ ਲਈ ਖੁਸ਼ੀਆਂ ਅਤੇ ਤਰੱਕੀ ਭਰਿਆ ਹੋਵੇ। ਇਸਦੇ ਨਾਲ ਹੀ ਉਹਨਾਂ ਨੇ ਬਰੈਂਪਟਨ ਵਾਸੀਆਂ ਨੂੰ ਅਪੀਲ ਕੀਤੀ ਕਿ ਇਸ ਸਮੇਂ ਦੌਰਾਨ ਅਸੀਂ ਇੱਕਠੇ ਹੋ ਕੇ ਜਸ਼ਨ ਨਹੀਂ ਮਨਾ ਸਕਦੇ, ਕਿਉਂਕਿ ਕੋਵਿਡ-19 ਦਾ ਖ਼ਤਰਾ ਅਜੇ ਟਲਿਆ ਨਹੀਂ ਹੈ। ਉਹਨਾਂ ਕਿਹਾ ਕਿ ਇਸ ਨਵੇਂ ਸਾਲ ਦੌਰਾਨ ਆਪਣੀ ਅਤੇ ਆਪਣਿਆਂ ਦੀ ਸਿਹਯਾਬੀ ਲਈ ਸਾਨੂੰ ਸਾਰਿਆਂ ਨੂੰ ਸਿਹਤ ਮਾਹਰਾਂ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾ ਦੀ ਪਾਲਣਾ ਕਰਦੇ ਰਹਿਣਾ ਚਾਹੀਦਾ ਹੈ।"



ਸੋਨੀਆ ਸਿੱਧੂ ਨੇ ਕਿਹਾ "ਚਾਹੇ ਕੈਨੇਡਾ ਵੱਲੋਂ ਵੈਕਸੀਨ ਦੇ ਪੂਰੇ ਇੰਤਜ਼ਾਮ ਕੀਤੇ ਗਏ ਹਨ ਅਤੇ ਟੀਕਾਕਰਣ ਮੁਹਿੰਮ ਦੀ ਸ਼ੁਰੂਆਤ ਵੀ ਹੋ ਚੁੱਕੀ ਹੈ ਪਰ ਫਿਰ ਵੀ ਅਜੇ ਅਹਿਤਿਆਤ ਵਰਤਣ ਦੀ ਸਖ਼ਤ ਜ਼ਰੂਰਤ ਹੈ ਤਾਂ ਜੋ ਅਸੀਂ ਸਾਰੇ ਆਉਣ ਵਾਲੈ ਸਮੇਂ ਦੀ ਇੱਕ ਸੋਹਣੀ ਅਤੇ ਤੰਦਰੁਸਤੀ ਭਰੀ ਸ਼ੁਰੂਆਤ ਕਰ ਸਕੀਏ।"

ਉਹਨਾਂ ਨੇ ਕੈਨੇਡਾ ਫੈਡਰਲ ਲਿਬਰਲ ਸਰਕਾਰ ਦੀ ਕਾਰਗੁਜ਼ਾਰੀ ਦੀ ਵੀ ਸ਼ਲਾਘਾ ਕੀਤੀ ਅਤੇ ਕਿਹਾ ਕਿ "ਕੈਨੇਡਾ ਸਰਕਾਰ ਨੇ ਇਸ ਮਹਾਂਮਾਰੀ ਦੌਰਾਨ ਵੀ ਕੈਨੇਡੀਅਨਜ਼ ਦਾ ਸਾਥ ਨਹੀਂ ਛੱਡਿਆ ਅਤੇ ਵਿੱਤੀ ਸਹਾਇਤਾ ਤੋਂ ਲੈ ਕੇ ਟੀਕਾਕਰਣ ਤੱਕ ਕਈ ਅਹਿਮ ਕਦਮ ਚੁੱਕਣ 'ਚ ਮੋਹਰੀ ਰਹੀ ਹੈ। ਉਹਨਾਂ ਕਿਹਾ ਕਿ ਫੈਡਰਲ ਲਿਬਰਲ ਸਰਕਾਰ ਅੱਗੇ ਵੀ ਇਸੇ ਤਰ੍ਹਾਂ ਹੀ ਕੈਨੇਡੀਅਨਜ਼ ਦੀ ਸਿਹਤ ਅਤੇ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕਣ ਲਈ ਵਚਨਬੱਧ ਹੈ।"

# ਆਜ਼ਾਦੀ-ਘੁਲਾਟੀਆਂ ਦੇ ਵਾਰਸਾਂ ਨੇ ਕੀਤੀ ਭਾਰਤ ਦੇ ਕਿਸਾਨਾਂ ਦੀ ਭਰਵੀਂ-ਹਮਾਇਤ

ਬਰੈਂਪਟਨ, (ਡਾ. ਝੰਡ) -ਬੀਤੇ ਲੰਮੇਂ ਸਮੇਂ ਤੋਂ ਆਪੋ ਆਪਣੇ ਸੂਬਿਆਂ ਵਿਚ ਧਰਨੇ ਤੇ ਮੁਜ਼ਾਹਰੇ ਕਰਨ ਤੋਂ ਬਾਅਦ ਪੰਜਾਬ, ਹਰਿਆਣਾ ਅਤੇ ਭਾਰਤ ਦੇ ਹੋਰ ਸੂਬਿਆਂ ਦੇ ਕਿਸਾਨ ਦਿੱਲੀ ਵਿਚ ਪਿਛਲੇ ਇਕ ਮਹੀਨੇ ਤੋਂ ਵਧੀਕ ਪੱਕੇ ਡੇਰੇ ਲਾ ਕੇ ਬੈਠੇ ਹਨ। ਪੋਹ ਮਹੀਨੇ ਦੀ ਅੱਤ ਦੀ ਸਰਦੀ ਵਿਚ ਤਿੰਨ ਦਰਜਨ ਤੋਂ ਵਧੀਕ ਕਿਸਾਨ ਹੁਣ ਤੱਕ ਆਪਣੀਆਂ ਜਾਨਾਂ ਕੁਰਬਾਨ ਕਰ ਚੁੱਕੇ ਹਨ। ਇਸ ਦੇ ਨਾਲ ਹੀ ਵਿਦੇਸ਼ਾਂ ਵਿਚ ਵੀ ਥਾਂ ਪਰ ਥਾਂ ਧਰਨੇ-ਮੁਜ਼ਾਹਰੇ ਹੋ ਰਹੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੀ ਕਿਸਾਨਾਂ ਦੇ ਹੱਕ ਵਿਚ ਖੁੱਲ੍ਹ ਕੇ ਨਿੱਤਰੇ ਹਨ। ਹੋਰਨਾਂ ਦੇਸ਼ਾਂ ਤੋਂ ਵੀ ਕਿਸਾਨ ਮੋਰਚੇ ਲਈ ਸਹਿਯੋਗ ਦੀਆਂ ਖ਼ਬਰਾਂ ਧੜਾਧੜ ਆ ਰਹੀਆਂ ਹਨ। ਬੁਹਤ ਸਾਰੇ ਕੈਨੇਡੀਅਨ ਭਾਰਤੀਆਂ ਨੇ ਆਪੋ ਆਪਣੇ ਇਲਾਕੇ ਦੀਆਂ ਕਿਸਾਨ ਜੱਥੇਬੰਦੀਆਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਕਰਨ ਦੀ ਵਚਨਬੱਧਤਾ ਪ੍ਰਗਟਾਈ ਹੈ।

ਇਤਿਹਾਸ ਗਵਾਹ ਹੈ ਕਿ 1947 ਵਿਚ ਭਾਰਤ ਦੀ ਆਜ਼ਾਦੀ ਲਈ ਸੱਭ ਤੋਂ ਵੱਧ ਯੋਗਦਾਨ ਪੰਜਾਬੀਆਂ ਨੇ ਦਿੱਤਾ ਸੀ। ਉਨ੍ਹਾਂ ਆਜ਼ਾਦੀ-ਘੁਲਾਟੀਆਂ ਦੀ ਵੰਸ਼ ਵਿੱਚੋਂ ਬਹੁਤ ਸਾਰੇ ਵਿਅੱਕਤੀ ਅੱਜ ਕੈਨੇਡਾ ਵਿਚ ਰਹਿ ਰਹੇ ਹਨ। ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼, ਬਰੈਂਪਟਨ ਦੇ ਸਰਗ਼ਰਮ ਆਗੂ ਪ੍ਰੋ. ਨਿਰਮਲ ਸਿੰਘ ਧਾਰਨੀ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਕਰੋਨਾ ਮਹਾਂਮਾਰੀ ਦੇ ਚੱਲ ਰਹੇ ਪ੍ਰਕੋਪ ਦੇ ਕਾਰਨ ਬੀਤੇ ਦਿਨੀਂ ਉਨ੍ਹਾਂ ਨੇ ਦਿਨੀਂ ਆਪੋ ਵਿਚ ਫ਼ੋਨ 'ਤੇ ਸੰਪਰਕ ਕੀਤਾ। ਇਨ੍ਹਾਂ ਵਿਚ ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਭਤੀਜੀ ਬੀਬੀ ਇੰਦਰਜੀਤ ਕੌਰ , ਭਤੀਜ-ਜੁਆਈ ਅੰਮ੍ਰਿਤ ਢਿੱਲੋਂ, 'ਕਾਮਾਗਾਟਾ ਮਾਰੂ ਜਹਾਜ' ਦੇ ਮੋਢੀ ਬਾਬਾ ਗੁਰਦਿੱਤ ਸਿੰਘ ਦੇ ਪੜਪੋਤੇ ਤੇਜਪਾਲ ਸਿੰਘ ਸੰਧੂ, ਬਿੰਦੂ ਬਰਾੜ ਸਪੁਤਰ ਥੰਮਣ ਸਿੰਘ (ਸਾਥੀ ਮਹਾਤਮਾ ਗਾਂਧੀ), ਰਾਜੇਸ਼ ਜੋਸ਼ੀ ਪੜਪੋਤਾ ਸ਼ਹੀਦ ਕਾਂਸ਼ੀ ਰਾਮ ਮੜੌਲੀ, ਹਰਿੰਦਰਪਾਲ ਬਰਾੜ ਪੋਤਰਾ ਕਰਨਲ ਮਹਿੰਦਰ ਸਿੰਘ ਬਰਾੜ (ਆਈ ਐੱਨ.ਏ.), ਜੋਤੀ ਮਾਂਗਟ ਪੋਤਰੀ ਗੁਰਬਚਨ ਸਿੰਘ ਮਾਂਗਟ (ਆਈ.ਐੱਨ.ਏ.), ਚਰਨਜੀਤ ਸਿੰਘ ਗਿੱਲ ਪੁੱਤਰ ਗਿਆਨੀ ਮੋਹਕਮ ਸਿੰਘ ਗਿੱਲ (ਆਈ ਐੱਨ.ਏ.), ਹਰਿੰਦਰ ਸਿੰਘ ਮਾਂਗਟ ਪੁੱਤਰ ਜੋਧ ਸਿੰਘ (ਆਈ ਐੱਨ.ਏ.), ਆਤਮਚੈਨ ਸਿੰਘ ਕੰਗ ਪੁੱਤਰ ਗੁਰਦਿਆਲ ਸਿੰਘ ਕੰਗ (ਆਈ ਐੱਨ.ਏ.) ਅਤੇ ਪਿਆਰਾ ਸਿੰਘ ਤੂਰ ਪੁੱਤਰ ਸੁਰੈਣ ਸਿੰਘ ਤੂਰ (ਅਕਾਲੀ ਮੋਰਚਾ) ਸ਼ਾਮਲ ਸਨ। ਇਨ੍ਹਾਂ ਸਾਰਿਆਂ ਨੇ ਅੱਜਕੱਲ੍ਹ ਦਿੱਲੀ ਦੀਆਂ ਹੱਦਾਂ 'ਤੇ ਚੱਲ ਰਹੇ ਕਿਸਾਨੀ ਘੋਲ ਦੀ ਪੁਰਜ਼ੋਰ ਹਮਾਇਤ ਕੀਤੀ ਅਤੇ ਇਸ ਕਿਸਾਨੀ ਮੋਰਚੇ ਵਿਚ ਸ਼ਹੀਦ ਹੋਣ ਵਾਲੇ ਕਿਸਾਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ।

ਇਸ ਦੌਰਾਨ ਉਨ੍ਹਾਂ ਵੱਲੋਂ ਮੋਰਚੇ ਦੀ ਅਗਵਾਈ ਕਰਨ ਵਾਲੇ ਕਿਸਾਨ ਆਗੂਆਂ ਦੀ ਟੀਮ ਦੀ ਸੁਹਿਰਦਤਾ ਅਤੇ ਇਕਮੁੱਠਤਾ ਦੀ ਰੱਜ ਕੇ ਪ੍ਰਸ਼ੰਸਾ ਕੀਤੀ ਗਈ। ਇਨ੍ਹਾਂ ਸਾਰਿਆਂ ਨੇ ਇਕ-ਮੱਤ ਹੋ ਕੇ ਕਿਹਾ ਕਿ ਸਾਡੇ ਵਡੇਰਿਆਂ ਨੇ ਫਾਸੀਆਂ, ਕਾਲੇ-ਪਾਣੀ ਦੀਆਂ ਜੇਲ੍ਹਾਂ, ਜਾਇਦਾਦਾਂ ਦੀਆਂ ਕੁਰਕੀਆਂ ਅਤੇ ਅਣ-ਮਨੁੱਖੀ ਤਸ਼ੱਦਦ ਝੱਲ ਕੇ ਦੇਸ਼ ਆਜ਼ਾਦ ਕਰਵਾਇਆ ਸੀ ਤਾਂ ਜੋ ਸਾਡੀਆ ਆਉਣ ਵਾਲੀਆਂ ਨਸਲਾਂ ਆਜ਼ਾਦੀ ਦਾ ਨਿੱਘ ਮਾਣ ਸਕਣ, ਪਰ ਇਸ ਦੇ ਉਲਟ ਅੱਜ ਕੇਂਦਰੀ ਸਰਕਾਰ ਫਿਰ ਸਾਡੇ ਉੱਤੇ 'ਕਾਲੇ ਖੇਤੀ ਕਾਨੂੰਨ' ਥੋਪ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਕੇਂਦਰ ਸਰਕਾਰ ਨੂੰ ਪੁਰਜ਼ੋਰ ਸੁਨੇਹਾ ਦਿੰਦੇ ਹਾਂ ਕਿ ਉਹ ਇਨ੍ਹਾਂ ਕਾਨੂੰਨਾਂ ਨੂੰ ਬਿਨਾਂ ਸ਼ਰਤ ਤੁਰਤ ਵਾਪਸ ਲਵੇ। ਭਾਰਤ ਵਿਚ ਕੰਮ ਕਰਨ ਵਾਲੇ ਕਿਸਾਨ ਅੱਜ ਦਿਨੋਂ ਦਿਨ ਗ਼ਰੀਬ ਹੋ ਰਹੇ ਹਨ ਅਤੇ ਲੀਡਰ, ਕਾਰਪੋਰੇਟ ਅਦਾਰਿਆਂ ਦੇ ਮਾਲਕ ਤੇ ਹੋਰ ਵਿਹਲੜ ਅਮੀਰ ਹੁੰਦੇ ਜਾ ਰਹੇ ਹਨ। ਇਹ ਸੱਭ ਕਿਉਂ ਹੋ ਰਿਹਾ ਹੈ? ਰਾਜ ਕਰਨ ਵਾਲੀ ਜਮਾਤ ਦਾ ਆਜ਼ਾਦੀ ਦੇ ਘੋਲ ਵਿਚ ਨਿਗੂਣਾ ਹਿੱਸਾ ਹੈ ਅਤੇ ਇਸ ਨੂੰ ਆਜ਼ਾਦੀ ਦੀ ਕੀਮਤ ਦਾ ਬਿਲਕੁਲ ਗਿਆਨ ਨਹੀਂ ਹੈ।

ਆਜ਼ਾਦੀ-ਘੁਲਾਟੀਆਂ ਕਿਹਾ,"ਅਸੀਂ ਆਪਣੇ ਕਿਸਾਨ ਵੀਰਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਆਪਣੇ ਮਨੋਰਥ ਨੂੰ ਪੂਰਾ ਕਰਨ ਤੱਕ ਇਸ ਮੋਰਚੇ ਵਿਚ ਡਟੇ ਰਹਿਣ ਹੈ ਅਤੇ ਕਿਸੇ ਵੀ ਕੀਮਤ 'ਤੇ ਪਿੱਛੇ ਨਾ ਹਟਣ। ਇਤਿਹਾਸ ਗਵਾਹ ਹੈ ਕਿ ਜਿੱਤਾਂ ਘੋਲਾਂ ਨਾਲ ਹੀ ਪ੍ਰਾਪਤ ਹੁੰਦੀਆਂ ਹੈ। ਇਹ ਪੱਕੀ ਗੱਲ ਹੈ, ਤਸੀਂ ਜ਼ਰੂਰ ਜਿੱਤੋਗੇ। ਕੇਂਦਰ ਦੇ ਹਠੀ ਵਤੀਰੇ ਤੋਂ ਇੰਜ ਲੱਗਦਾ ਹੈ ਕਿ ਇਹ ਘੋਲ ਲੰਮਾ ਹੋ ਜਾਏਗਾ। ਪਰ ਇਸ ਦੀ ਕੋਈ ਪ੍ਰਵਾਹ ਨਹੀਂ ਹੈ। 'ਪੱਗੜੀ ਸੰਭਾਲ ਜੱਟਾ' ਮੋਰਚਾ ਵੀ ਤਾਂ ਪੂਰੇ ਨੌਂ ਮਹੀਨੇ ਚੱਲਿਆ ਸੀ ਅਤੇ ਤੁਸੀਂ ਵੀ ਛੇ-ਛੇ ਮਹੀਨਿਆਂ ਦਾ ਰਾਸ਼ਨ-ਪਾਣੀ ਆਪਣੇ ਨਾਲ ਹੀ ਲਿਆਏ ਹੋ। ਸਾਨੂੰ ਇਹ ਵੀ ਪਤਾ ਲੱਗਾ ਹੈ ਕਿ ਹਰਿਆਣੇ ਤੇ ਦਿੱਲੀ ਦੇ ਲੋਕਾਂ ਦਾ ਸਹਿਯੋਗ ਵੀ ਤੁਹਾਨੂੰ ਬਥੇਰਾ ਮਿਲ ਰਿਹਾ ਹੈ ਅਤੇ ਤੁਹਾਡੇ ਵਿੱਚੋਂ ਬਹੁਤ ਸਾਰਿਆਂ ਨੇ ਅਜੇ ਆਪਣੇ ਵਾਲੇ ਰਾਸ਼ਨ ਵਾਲੇ ਬੋਰਿਆਂ ਦੇ ਸੇਬੇ ਵੀ ਨਹੀਂ ਖੋਲ੍ਹੇ।"

ਇਸ ਕਿਸਾਨ ਅੰਦੋਲਨ ਵਿਚ ਇਕ ਕਵੀ ਠੀਕ ਹੀ ਕਹਿ ਰਿਹਾ ਹੈ:

"ਬੰਬ, ਬੰਦੂਕਾਂ, ਤੋਪਾਂ ਤੋਂ ਨਾ ਕਦੇ ਡਰਾਇਆਂ ਰੁਕਦੇ ਲੋਕ,
ਜ਼ਾਲਮ ਸਰਕਾਰਾਂ ਮੁੱਕ ਜਾਵਣ, ਨਾ ਕਦੇ ਮੁਕਾਇਆਂ ਮੁੱਕਦੇ ਲੋਕ।
ਵੱਢ ਤਾਰਾਂ, ਟੋਏ ਭਰ ਲੈਂਦੇ, ਚੜ੍ਹ ਟਿੱਬਿਆਂ ਉੱਤੇ ਬੁੱਕਦੇ ਲੋਕ,
ਫੜ੍ਹ ਤਾਜ ਉਤਾਰਨ ਸ਼ਾਹਾਂ ਦੇ, ਜਾ ਮੰਜ਼ਲ ਉੱਤੇ ਰੁਕਦੇ ਲੋਕ।"

ਅਸੀਂ ਵੀ ਆਵਾਂਗੇ ਤੁਹਾਡੇ ਨਾਲ ਸਾਥੀਓ! ਛੇਤੀ ਹੀ, .... ਉਡੀਕਿਓ!

ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਸਕੀ ਭਤੀਜੀ ਸ. ਕੁਲਤਾਰ ਸਿੰਘ ਦੀ ਸਪੁੱਤਰੀ ਬੀਬੀ ਇੰਦਰਜੀਤ ਕੌਰ ਦੀਆਂ ਅਸੀਸਾਂ ਤੁਹਾਡੇ ਨਾਲ ਹਨ। ਉਹ ਕਹਿ ਰਹੀ ਹੈ, "ਦਿੱਲੀ ਝੁਕੇਗੀ, ਛੇਤੀ ਹੀ ਝੁਕੇਗੀ। ਮੇਰੇ ਤਾਇਆ ਜੀ ਦੇ ਸੁਪਨਿਆਂ ਦਾ ਭਾਰਤ ਤੁਸੀਂ ਹੀ ਉਸਾਰੋਗੇ।" ਲੋਕੋ! ਮੇਰੇ ਤਾਇਆ ਜੀ ਦਾ ਨਾਅਰਾ ਬੁਲੰਦ ਰੱਖਣਾ, "ਮੇਰੇ ਦੇਸ਼ ਦਿਓ ਕਿਸਾਨੋ ਤੇ ਮਜ਼ਦੂਰੋ, ਇਕ ਹੋ ਜਾਓ।"

...ਤੇ ਹੁਣ ਇਸ ਅੰਦੋਲਨ ਵਿਚ ਕਿਸਾਨ ਤੇ ਮਜ਼ਦੂਰ ਇਕ ਹੋ ਵੀ ਗਏ ਹਨ।

# ਕਿਸਾਨਾਂ ਦੇ ਸੰਘਰਸ਼ ਦਾ ਸਾਥ ਦੇਣ ਲਈ ਨਿੱਤਰੀਆਂ ਬਰੈਂਪਟਨ ਦੀਆਂ ਸੀਨੀਅਰਜ਼ ਕਲੱਬਾਂ

ਬਰੈਂਪਟਨ, (ਡਾ. ਝੰਡ) -ਭਾਰਤ ਸਰਕਾਰ ਵੱਲੋਂ ਬਣਾਏ ਗਏ ਤਿੰਨ ਖੇਤੀਬਾੜੀ ਕਾਲੇ ਕਾਲੇ ਕਾਲੇ ਕਾਨੂੰਨਾਂ ਦੇ ਵਿਰੁੱਧ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਉੱਤਰਾ ਖੰਡ, ਰਾਜਸਥਾਨ, ਮਹਾਂਰਾਸ਼ਟਰਾ, ਕਰਨਾਟਕਾ ਅਤੇ ਹੋਰ ਕਈ ਰਾਜਾਂ ਦੇ ਕਿਸਾਨ ਪਿਛਲੇ ਕਈ ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਹਨ। ਪਰ ਕੇਂਦਰ ਸਰਕਾਰ ਦੇ ਕੰਨਾਂ 'ਤੇ ਕੋਈ ਜੂੰ ਨਹੀਂ ਸਰਕ ਰਹੀ ਹੈ। ਉਹ ਕਿਸਾਨਾਂ ਨੂੰ ਹੁਣ ਤੀਕ ਹੋਈਆਂ ਛੇ-ਸੱਤ ਮੀਟਿੰਗਾਂ ਵਿਚ ਉਲਝਾਅ ਕੇ ਇਸ ਨੂੰ ਹੋਰ ਲੰਮਾਂ ਖਿੱਚਣਦੀ ਕੋਸ਼ਿਸ਼ ਕਰ ਰਹੀ ਹੈ ਤਾਂ ਜੋ ਕਿਸਾਨ ਅੱਕ-ਥੱਕ ਕੇ ਆਪਣੇ ਘਰਾਂ ਨੂੰ ਵਾਪਸ ਮੁੜ ਜਾਣ। ਓਧਰ ਕਿਸਾਨ ਵੀ ਇਨ੍ਹਾਂ ਤਿੰਨਾਂ ਕਾਨੂੰਨਾਂ ਨੂੰ ਰੱਦ ਕਰਵਾਉਣ ਦੀ ਆਪਣੀ ਅੜੀ 'ਤੇ ਪੂਰੀ ਤਰ੍ਹਾਂ ਡਟੇ ਹੋਏ ਹਨ। ਉਨ੍ਹਾਂ ਅਨੁਸਾਰ ਇਹ ਤਿੰਨੇਂ ਹੀ ਕਾਨੂੰਨ ਭਾਰਤ ਦੀ ਕਿਸਾਨੀ ਲਈ ਘਾਤਕ ਹਨ। ਇਸ ਸੰਘਰਸ਼ ਵਿਚ ਕਿਸਾਨਾਂ ਦੇ ਨਾਲ ਲੱਗਭੱਗ ਸਾਰੇ ਹੀ ਵਰਗਾਂ ਦੇ ਲੋਕ ਉਨ੍ਹਾਂ ਨਾਲ ਸ਼ਾਮਲ ਹੋ ਗਏ ਹਨ, ਕਿਉਂਕਿ ਉਨ੍ਹਾਂ ਨੂੰ ਵੀ ਭਵਿੱਖ ਵਿਚ ਅਸਿੱਧੇ ਤੌਰ 'ਤੇ ਇਨ੍ਹਾਂ ਕਾਨੂੰਨਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਦਾ ਖ਼ਦਸ਼ਾ ਹੈ। ਇਹ ਸਾਰੇ ਲੋਕ ਪੋਹ ਮਹੀਨੇ ਦੀ ਹੱਡ-ਚੀਰਵੀਂ ਠੰਢ ਵਿਚ ਦਿੱਲੀ ਦੇ ਸਾਰੇ ਮੁੱਖ ਬਾਰਡਰਾਂ 'ਤੇ ਡੇਰੇ ਲਾ ਕੇ ਬੈਠੇ ਹੋਏ ਹਨ। ਇਸ ਕੜਕਦੀ ਸਰਦੀ ਦੇ ਕਾਰਨ ਕਈ ਕਿਸਾਨ ਸ਼ਹੀਦ ਵੀ ਹੋ ਚੁੱਕੇ ਹਨ ਪਰ ਇਸ ਦੇ ਨਾਲ਼ ਹੀ ਤਸੱਲੀ ਵਾਲੀ ਗੱਲ ਇਹ ਹੈ ਕਿ ਦੇਸ਼ ਅਤੇ ਵਿਦੇਸ਼ਾਂ ਵਿੱਚੋਂ ਸਾਰੇ ਕਿਸਾਨ ਹਤੈਸ਼ੀ ਉਨ੍ਹਾਂ ਦੇ ਨਾਲ ਪੂਰੀ ਤਰ੍ਹਾਂ ਸਹਿਮਤ ਸਨ ਅਤੇ ਉਹ ਉਨ੍ਹਾਂ ਦੀ ਸਰਦੀ ਬਣਦੀ ਮਦਦ ਵੀ ਕਰ ਰਹੇ ਹਨ।



ਦਿੱਲੀ ਵਿਚ ਕਿਸਾਨ ਮੋਰਚੇ ਦੌਰਾਨ ਕਿਸਾਨ

ਬਰੈਂਪਟਨ ਵਿਚ ਪਿਛਲੇ ਕਈ ਸਾਲਾਂ ਤੋਂ ਵਿਚਰ ਰਹੀ ਡੌਨ ਮਿਨੇਕਰ ਸੀਨੀਅਰਜ਼ ਕਲੱਬ ਦੇ ਸਕੱਤਰ ਕੁਮਰੀਆ ਤੋਂ ਮਿਲੀ ਜਾਣਕਾਰੀ ਅਨੁਸਾਰ ਉਨ੍ਹਾਂ ਦੀ ਕਲੱਬ ਅਤੇ ਗੋਰ ਸੀਨੀਅਰਜ਼ ਕਲੱਬ ਦੇ ਸਰਗ਼ਰਮ ਮੈਂਬਰਾਂ ਵੱਲੋਂ ਚੱਲ ਰਹੇ ਅਜੋਕੇ ਪ੍ਰਭਾਵ ਨੂੰ ਮੁੱਖ ਰੱਖਦਿਆਂ ਬੀਤੇ ਦਿਨੀਂ ਕਰੋਨਾ ਵਰਚੂਅਲ-ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਹੋਏ ਵਿਚਾਰ-ਵਟਾਂਦਰੇ ਤੋਂ ਬਾਅਦ ਸਰਬਸੰਮਤੀ ਨਾਲ ਇਹ ਧਾਰਨਾ ਬਣੀ ਕਿ ਉਹ ਸਾਰੇ ਇਸ ਔਖੀ ਘੜੀ ਵਿਚ ਸੰਘਰਸ਼ ਕਰ ਰਹੇ ਭਾਰਤੀ ਕਿਸਾਨਾਂ ਦੇ ਨਾਲ ਖੜੇ ਹਨ। ਉਨ੍ਹਾਂ ਸਾਰਿਆਂ ਦਾ ਕਹਿਣਾ ਸੀ, "ਸਾਨੂੰ ਬੜਾ ਤਰਸ ਆਉਂਦਾ ਹੈ ਜਦੋਂ ਅਸੀਂ ਬੱਚਿਆਂ ਤੋਂ ਲੈ ਕੇ 80-80, 90-90 ਸਾਲ ਦੇ ਬਜ਼ੁਰਗਾਂ ਅਤੇ ਔਰਤਾਂ ਨੂੰ ਇਸ ਕੜਕਦੀ ਠੰਢ ਵਿਚ ਬੈਠੇ ਵੇਖਦੇ ਹਾਂ। ਉਨ੍ਹਾਂ ਵਿੱਚੋਂ ਕਈ ਤਾਂ ਇਸ ਮਾਰੂ ਠੰਡ ਦੇ ਕਾਰਨ ਸ਼ਹੀਦੀਆਂ ਵੀ ਪਾ ਗਏ ਹਨ। ਅਸੀਂ ਭਾਰਤ ਦੀ ਕੇਂਦਰ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਉਹ ਕਿਸਾਨਾਂ ਦੀਆਂ ਮੰਗਾਂ ਨੂੰ ਮੰਨ ਕੇ ਇਨ੍ਹਾਂ ਤਿੰਨਾਂ ਕਿਸਾਨ-ਮਾਰੂ ਕਾਨੂੰਨਾਂ ਨੂੰ ਵਾਪਸ ਲਵੇ ਤਾਂ ਜੋ ਕਿਸਾਨ ਸੁੱਖ-ਸ਼ਾਂਤੀ ਨਾਲ ਆਪਣੇ ਘਰਾਂ ਨੂੰ ਪਰਤ ਸਕਣ। ਇਸ ਸਬੰਧੀ ਸੰਪਰਕ ਲਈ ਅਮਰੀਕ ਸਿੰਘ ਕੁਮਰੀਆ ਨੂੰ 647-998-7253 ਜਾਂ ਸੁਖਦੇਵ ਸਿੰਘ ਗਿੱਲ ਨੂੰ 416-602-5499 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

## ਅੱਜ ਨਾਮਾ

ਮੁੱਕਿਆ ਖੇਤੀ ਕਾਨੂੰਨਾਂ ਦਾ ਨਹੀਂ ਰੱਫੜ,
ਛਿੜਦੀ ਜਾਪਦੀ ਨਵੀਂ ਲੜਾਈ ਮਿੱਤਰ।
ਫਾਈਲ ਰਾਹੁਲ ਦੇ ਜੀਜੇ ਦੀ ਪਈ ਦੱਬੀ,
ਬਿਨਾਂ ਚਰਚਾ ਤੋਂ ਗਈ ਮੰਗਾਈ ਮਿੱਤਰ।
ਕਿਸਾਨੀ ਮੁੱਦੇ ਤੋਂ ਧਿਆਨ ਹਟਾਵਣੇ ਨੂੰ,
ਛੁਰਲੀ ਨਵੀਂ ਹੈ ਕੱਢ ਚਲਾਈ ਮਿੱਤਰ।
ਜਾਂਚ-ਟੀਮ ਇੱਕ ਨਵੀਂ ਤਿਆਰ ਕਰ ਕੇ,
ਸਿੱਧੇ ਰਾਬਰਟ ਦੇ ਘਰ ਘਲਾਈ ਮਿੱਤਰ।
ਮੁੱਦਾ ਰਾਬਰਟ ਦਾ ਗੋਲੇ ਦੀ ਚਾਲ ਵਰਗਾ,
ਜਦੋਂ ਦਿਲ ਕੀਤਾ, ਲੈਂਦੇ ਈ ਸੁੱਟ ਮਿੱਤਰ।
ਕੱਢਿਆ ਗਿਆ ਈ ਮੁੱਦਾ ਇਹ ਸੌ ਵਾਰੀ,
ਸਕਿਆ ਬੇਗੀ ਨਾ ਕਦੇ ਵੀ ਕੁੱਟ ਮਿੱਤਰ।

**ਤੀਸ ਮਾਰ ਖਾਂ**

# ਸੁਖਬੀਰ ਬਾਦਲ ਵੱਲੋਂ ਆਪਣੇ ਆਪ ਨੂੰ ਮੁੱਖ ਮੰਤਰੀ ਦੀ ਦੌੜ ਤੋਂ ਲਾਂਭੇ ਕਰਨ ਦਾ ਸੰਕੇਤ



ਅਬੋਹਰ, 4 ਜਨਵਰੀ, (ਪੋਸਟ ਬਿਊਰੋ)- ਸਾਲ 2022 ਵਿੱਚ ਹੋਣ ਵਾਲੀਆਂ ਪੰਜਾਬਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਇਕ ਵਾਰ ਫਿਰ ਪ੍ਰਕਾਸ਼ ਸਿੰਘ ਬਾਦਲ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕਰੇਗਾ। ਇਸ ਦੇ ਨਾਲ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅੱਗੇ ਲਈਮੁੱਖ ਮੰਤਰੀ ਦੀ ਰੇਸ ਵਿੱਚੋਂ ਬਾਹਰ ਹੋ ਗਏ ਜਾਪਦੇ ਹਨ।

ਕੱਲ੍ਹ ਅਬੋਹਰ ਆਏ ਸੁਖਬੀਰ ਸਿੰਘ ਬਾਦਲ ਨੇ ਇਹ ਐਲਾਨ ਖੁਦ ਕੀਤਾ ਅਤੇ ਕਿਹਾ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਵਿਚਮੁੱਖ ਮੰਤਰੀ ਦੇ ਚਿਹਰੇ ਵਜੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਪੇਸ਼ ਕੀਤਾ ਜਾਵੇਗਾ।ਸੁਖਬੀਰ ਸਿੰਘ ਨੇ ਸਾਫ ਕਿਹਾ ਕਿ ਇਸ ਬਾਰੇ ਉਨ੍ਹਾਂ ਦੀ ਪ੍ਰਕਾਸ਼ ਸਿੰਘ ਬਾਦਲ ਨਾਲ ਗੱਲਬਾਤਹੋਈ ਹੈ ਤੇ ਉਨ੍ਹਾਂ ਸਰਦਾਰ ਬਾਦਲ ਨੂੰ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਦੀਆਂ ਭਾਵਨਾਵਾਂ ਨੂੰ ਮੁੱਖ ਰੱਖ ਕੇ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਮੈਦਾਨ ਵਿਚ ਆਉਣਲਈਬੇਨਤੀ ਕੀਤੀ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਹਾਲੇ ਵੱਡੇ ਬਾਦਲ ਦੀ ਸਿਹਤ ਚੰਗੀ ਨਹੀਂ, ਪਰ ਅਕਾਲੀ ਦਲ ਉਨ੍ਹਾਂ ਨੂੰ ਹੀ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕਰੇਗਾ।

ਵਰਨਣ ਯੋਗ ਹੈ ਕਿ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੀ ਨਿਰਾਸ਼ਾਜਨਕ ਹਾਰ ਤੋਂ ਬਾਅਦ ਅਕਾਲੀ ਦਲ ਨੂੰ ਬਗਾਵਤ ਦਾ ਸਾਹਮਣਾ ਕਰਨਾ ਪਿਆ ਸੀ ਤੇ ਸੁਖਬੀਰ ਸਿੰਘ ਨੂੰ ਪ੍ਰਧਾਨਗੀ ਤੋਂ ਲਾਹੁਣ ਦੀ ਮੰਗ ਕਰ ਕੇ ਅਕਾਲੀ ਦਲ ਦੇ ਕਈ ਵੱਡੇ ਤੇ ਟਕਸਾਲੀ ਲੀਡਰ ਪਾਰਟੀ ਛੱਡ ਗਏ ਸਨ, ਜਿਨ੍ਹਾਂ ਵਿਚ ਸੁਖਦੇਵ ਸਿੰਘ ਢੀਂਡਸਾ, ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ, ਰਤਨ ਸਿੰਘ ਅਜਨਾਲਾ ਆਦਿ ਸ਼ਾਮਲ ਹਨ। ਇਨ੍ਹਾਂ ਵੱਡੇਆਗੂਆਂ ਨੇ ਨਾ ਸਿਰਫ ਪਾਰਟੀ ਛੱਡੀ, ਸਗੋਂ ਬਾਦਲ ਪਰਿਵਾਰ ਦੇ ਖ਼ਿਲਾਫ਼ ਰੱਜਵੀਂ ਭੜਾਸ ਕੱਢੀ ਤੇ ਅਕਾਲੀ ਦਲ ਨੂੰ ਬਾਦਲਾਂ ਤੋਂ ਛੁਡਾਉਣ ਲਈ ਸੰਘਰਸ਼ ਵੀ ਚਲਾਇਆ ਸੀ। ਰਣਜੀਤ ਸਿੰਘ ਬ੍ਰਹਮਪੁਰਾ ਤੇ ਸੁਖਦੇਵ ਸਿੰਘ ਢੀਂਡਸਾ ਨੇ ਵੱਖਰੀਆਂ ਪਾਰਟੀਆਂ ਵੀ ਬਣਾ ਲਈਆਂ ਸਨ। ਸੁਖਬੀਰ ਸਿੰਘ ਬਾਦਲ ਦੇ ਕਹਿਣ ਮੁਤਾਬਕ ਜਦੋਂ ਅਕਾਲੀ ਦਲ ਮੁੜ ਕੇ ਹੰਢੇ ਹੋਏ ਸਿਆਸੀ ਆਗੂ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਚੋਣਾਂ ਲੜਨ ਦੀ ਤਿਆਰੀ ਕਰ ਰਿਹਾ ਤਾਂ ਇਸਮੌਕੇ ਅਕਾਲੀ ਦਲ ਤੋਂ ਨਿੱਖੜੇ ਆਗੂਆਂ ਅਤੇ ਗਰੁੱਪਾਂ ਦੇ ਮੁੜ ਅਕਾਲੀ ਦਲ ਵਿੱਚ ਆ ਜਾਣ ਦੀ ਆਸ ਕੀਤੀ ਜਾ ਸਕਦੀ ਹੈ।

# ਪੰਜਾਬ-ਹਰਿਆਣੇ ਵਿੱਚ ਮੋਬਾਈਲ ਟਾਵਰਾਂ ਦੀ ਭੰਨਤੋੜ ਦਾ ਮੁੱਦਾ ਹਾਈ ਕੋਰਟ ਜਾ ਪਹੁੰਚਿਆ

* ਜਿਓ ਵੱਲੋਂ ਅਦਾਲਤੀ ਦਖਲ ਲਈ ਪਟੀਸ਼ਨ ਦਾਇਰ



ਚੰਡੀਗੜ੍ਹ, 4 ਜਨਵਰੀ, (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਵਿੱਚ ਜਿਓ ਮੋਬਾਈਲਦੇ ਟਾਵਰਾਂਦੀ ਭੰਨਤੋੜ ਅਤੇ ਟੈਲੀਕਾਮ ਸੇਵਾਵਾਂ ਵਿੱਚ ਵਿਘਨ ਦਾ ਮਾਮਲਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਹੁੰਚ ਗਿਆ ਹੈ।

ਰਿਲਾਇੰਸ ਇੰਡਸਟ੍ਰੀਜ਼ ਲਿਮਿਟਿਡ ਨੇ ਪੰਜਾਬ ਵਿੱਚ ਮੋਬਾਈਲ ਟਾਵਰਾਂਦੀ ਭੰਨਤੋੜ ਅਤੇ ਉਨ੍ਹਾਂ ਦੀਆਂ ਟੈਲੀਕਾਮਸਰਵਿਸਿਜ਼ ਵਿੱਚ ਅੜਿੱਕੇ ਪਾਉਣ ਵਿਰੁੱਧ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਇੱਕ ਅਰਜ਼ੀ ਦਾਇਰ ਕੀਤੀ ਹੈ। ਜਿਓ ਇੰਫੋਕਾਮ ਰਾਹੀਂ ਦਾਇਰ ਕੀਤੀ ਅਰਜ਼ੀ ਵਿੱਚਕੰਪਨੀ ਨੇ ਪ੍ਰਦਰਸ਼ਨ ਕਰ ਰਹੇ ਲੋਕਾਂ ਵੱਲੋਂ ਭੰਨਤੋੜ ਦੀਆਂ ਗ਼ੈਰ-ਕਾਨੂੰਨੀ ਘਟਨਾਵਾਂਰੋਕਣ ਵਾਸਤੇਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਨੂੰ ਤੁਰੰਤ ਹੁਕਮ ਦੇਣ ਲਈ ਹਾਈ ਕੋਰਟ ਨੂੰ ਅਪੀਲ ਕੀਤੀ ਤੇ ਭੰਨ ਤੋੜ ਕਰਨ ਵਾਲਿਆਂ ਦੇ ਖਿਲਾਫ ਕਾਰਵਾਈਕਰਨ ਦੀ ਮੰਗ ਕੀਤੀ ਹੈ। ਇਸ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਇਸ ਤਰ੍ਹਾਂ ਦੀ ਭੰਨਤੋੜ ਤੇ ਹਿੰਸਕ ਕਾਰਵਾਈ ਨਾਲ ਇਸ ਕੰਪਨੀ ਦੇ ਹਜ਼ਾਰਾਂ ਮੁਲਾਜ਼ਮਾਂ ਦੀ ਜ਼ਿੰਦਗੀ ਵੀ ਖ਼ਤਰੇ ਵਿੱਚ ਪੈ ਗਈ ਹੈ ਅਤੇ ਇਸ ਨਾਲ ਪੰਜਾਬ ਅਤੇ ਹਰਿਆਣਾ ਦੇ ਦੋਵੇਂ ਰਾਜਾਂ ਵਿੱਚ ਇਸ ਕੰਪਨੀ ਦੀਆਂ ਸਹਾਇਕ ਕੰਪਨੀਆਂ ਵੱਲੋਂ ਚਲਾਏ ਜਾਂਦੇ ਮਹੱਤਵ ਪੂਰਨ ਕਮਿਊਨੀਕੇਸ਼ਨ ਇੰਫ੍ਰਾਸਟ੍ਰਕਚਰ, ਸੈਲਅਤੇ ਸੇਵਾ ਆਊਟਲੇਟ ਦੇ ਰੋਜ਼ ਦੇ ਕੰਮਾਂ ਵਿੱਚਰੋਕ ਪਈ ਹੈ। ਪਟੀਸ਼ਨਰਦੇ ਮੁਤਾਬਕ ਭੰਨਤੋੜ ਦੀ ਇਨ੍ਹਾਂ ਕਾਰਵਾਈਆਂ ਵਿੱਚ ਪ੍ਰਦਸ਼ਨ ਕਰ ਰਹੇ ਲੋਕਾਂ ਨੂੰ ਸਾਡੇ ਕਾਰੋਬਾਰੀ ਵਿਰੋਧੀਆਂ ਤੇ ਕੁਝ ਸਵਾਰਥੀ ਅਨਸਰਾਂ ਵੱਲੋਂ ਉਕਸਾਇਆ ਗਿਆ ਹੈ। ਪਟੀਸ਼ਨਰ ਨੇ ਕਿਹਾ ਹੈ ਕਿਦਿੱਲੀਦੇ ਬਾਰਡਰਾਂ ਉੱਤੇ ਚੱਲਦੇ ਕਿਸਾਨਾਂ ਦੇ ਅੰਦੋਲਨ ਦਾ ਲਾਭ ਉਠਾ ਕੇ ਇਨ੍ਹਾਂ ਕੁਝ ਸਵਾਰਥੀ ਅਨਸਰਾਂ ਨੇ ਰਿਲਾਇੰਸ ਦੇ ਖਿਲਾਫ ਲਗਾਤਾਰ ਮੁਹਿੰਮ ਚਲਾਈ ਹੈ, ਜਿਸ ਦਾ ਸੱਚਾਈ ਨਾਲ ਕੋਈ ਵੀ ਵਾਸਤਾ ਨਹੀਂ ਹੈ।

# ਸੰਘਰਸ਼ ਕਰਦੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਦਾ ਮਾਮਲਾ ਹਾਈ ਕੋਰਟ ਪੁੱਜਾ

ਚੰਡੀਗੜ੍ਹ, 4 ਜਨਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ਪਿਛਲੇ ਮਹੀਨੇਦਿੱਲੀ ਜਾਣ ਵਾਲੇ ਕਿਸਾਨਾਂ ਨੂੰ ਰੋਕਣ ਲਈ ਨੈਸ਼ਨਲ ਹਾਈਵੇ ਉੱਤੇ ਟੋਏ ਪੁੱਟਣ ਅਤੇ ਰੁਕਾਵਟ ਪੈਦਾ ਕਰਨ ਦਾ ਮੁੱਦਾ ਹਾਈ ਕੋਰਟ ਜਾ ਪੁੱਜਾ ਹੈ। ਇਸ ਬਾਰੇ ਅਰਜ਼ੀ ਵਿੱਚ ਹਰਿਆਣਾ ਪੁਲਿਸ ਦੇ ਮੁਖੀ, ਸੋਨੀਪਤ, ਪਾਨੀਪਤ, ਕਰਨਾਲ ਅਤੇ ਅੰਬਾਲਾ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਧਿਰ ਬਣਾ ਕੇ ਇਨ੍ਹਾਂ ਦੇ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਗਈ ਹੈ।

ਹੁਸ਼ਿਆਰਪੁਰ ਦੇ ਇਕ ਗ਼ੈਰ-ਸਰਕਾਰੀ ਸੰਗਠਨ ਗੁਰੂ ਨਾਨਕ ਵੈੱਲਫੇਅਰ ਸੁਸਾਈਟੀ ਨੇ ਅਰਜ਼ੀ ਵਿੱਚਕਿਹਾ ਹੈ ਕਿ ਨੈਸ਼ਨਲ ਹਾਈਵੇ ਸਰਕਾਰੀ ਜਾਇਦਾਦ ਹੈ ਅਤੇ ਸਿਆਸਤਦਾਨ ਆਪਣੇ ਸੁਆਰਥਾਂ ਲਈ ਇਸ ਜਾਇਦਾਦ ਨੂੰ ਨੁਕਸਾਨ ਨਹੀਂ ਪਹੁੰਚਾ ਸਕਦੇ। ਹਰਿਆਣਾ ਸਰਕਾਰ ਦੇ ਨਿਰਦੇਸ਼ਾਂ ਉੱਤੇ ਇਨ੍ਹਾਂ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੇ ਨੈਸ਼ਨਲ ਹਾਈਵੇ ਵਿੱਚ ਟੋਏ ਪੁਟਵਾਉਣ ਦੇ ਕੰਮ ਕੀਤੇ ਅਤੇ ਫਲਾਈਓਵਰ ਉੱਤੇ ਅੜਿੱਕੇ ਪਾਉਣ ਦੇ ਲਈ ਇਕ ਨਿੱਜੀ ਕੰਪਨੀ ਦੀ ਸਹਾਇਤਾ ਲਈ ਅਤੇ ਵੱਡੀਆਂ-ਵੱਡੀਆਂ ਮਸ਼ੀਨਾਂ ਨਾਲ ਵੱਡੇ ਟੋਏ ਪੁੱਟਵਾਏ ਤਾਂ ਕਿ ਕਿਸਾਨ ਦਿੱਲੀ ਨਾ ਪੁੱਜ ਸਕਣ, ਜਦ ਕਿ ਕਿਸਾਨ ਸ਼ਾਂਤਮਈ ਢੰਗ ਨਾਲ ਦਿੱਲੀ ਜਾ ਰਹੇ ਸਨ। ਜੇ ਉਹ ਦਿੱਲੀ ਪੁੱਜ ਜਾਂਦੇ ਤਾਂ ਸ਼ਾਇਦ ਅੰਦੋਲਨ ਵੀ ਏਨਾ ਲੰਬਾ ਨਾ ਚੱਲਦਾ, ਉਨ੍ਹਾਂ ਨੂੰ ਜਾਣਬੁੱਝ ਕੇ ਯੋਜਨਾਬੱਧ ਢੰਗ ਨਾਲ ਤੰਗ ਕੀਤਾ ਗਿਆ। ਪਟੀਸ਼ਨਰ ਨੇ ਕਿਹਾ ਕਿ ਨੈਸ਼ਨਲ ਹਾਈਵੇ ਦੀ ਵਰਤੋਂ ਕਰਨੀ ਕਿਸਾਨਾਂ ਦਾ ਕਾਨੂੰਨੀ ਹੱਕ ਸੀ, ਪਰ ਸਰਕਾਰ ਨੇ ਉਨ੍ਹਾਂ ਨੂੰ ਰੋਕਣ ਲਈ ਹਾਈਵੇ ਨੂੰ ਨੁਕਸਾਨ ਪਹੁੰਚਾ ਕੇ ਉਸ ਵਿੱਚ ਟੋਏ ਪੁਟਵਾਏ, ਜਦ ਕਿ ਨੈਸ਼ਨਲ ਹਾਈਵੇ ਨੂੰ ਨੁਕਸਾਨ ਪਹੁੰਚਾਉਣਾ ਅਪਰਾਧ ਹੈ।

ਪਟੀਸ਼ਨਰ ਨੇ ਹਰਿਆਣਾ ਪੁਲਸ ਦੇ ਮੁਖੀ ਨੂੰ ਮੰਗ ਪੱਤਰ ਦੇ ਕੇ ਡਿਪਟੀ ਕਮਿਸ਼ਨਰਾਂ ਦੇ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਸੀ, ਪਰ ਉਸ ਉੱਤੇਕਾਰਵਾਈ ਨਹੀਂ ਹੋਈ, ਇਸ ਲਈ ਹਾਈ ਕੋਰਟ ਵਿੱਚ ਅਰਜ਼ੀਦੇ ਕੇ ਕਾਰਵਾਈ ਦੀ ਮੰਗ ਕੀਤੀ ਗਈ ਹੈ। ਉਸ ਨੇ ਮੰਗ ਕੀਤੀ ਹੈ ਕਿ ਟੋਏ ਪੁੱਟਣ ਦੇ ਨਾਲ ਨੈਸ਼ਨਲ ਹਾਈਵੇ ਅਥਾਰਟੀ ਦਾ ਜਿੰਨਾ ਨੁਕਸਾਨ ਹੋਇਆ ਹੈ, ਉਸ ਦੀ ਪੂਰਤੀ ਲੀਡਰਾਂ ਤੇ ਅਧਿਕਾਰੀਆਂ ਤੋਂ ਕੀਤੀ ਜਾਵੇ।

# ਰਿਲਾਇੰਸ ਕੰਪਨੀ ਨੇ ਕਿਹਾ: ਨਾ ਸਾਡੀ ਕੰਟਰੈਕਟ ਫਾਰਮਿੰਗ ਦੀ ਯੋਜਨਾ ਹੈ, ਨਾ ਖੇਤੀ ਵਾਲੀ ਜ਼ਮੀਨ ਕਦੇ ਖਰੀਦਾਂਗੇ




ਨਵੀਂ ਦਿੱਲੀ, 4 ਜਨਵਰੀ, (ਪੋਸਟ ਬਿਊਰੋ)- ਪੰਜਾਬ ਵਿੱਚ ਰਿਲਾਇੰਸ ਜਿਓ ਦੇ ਖਿਲਾਫ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਦੇ ਬਾਅਦ ਰਿਲਾਇੰਸ ਕੰਪਨੀ ਨੇ ਆਪਣਾ ਪੱਖ ਜਨਤਕ ਤੌਰ ਉੱਤੇ ਕਿਸਾਨਾਂ ਸਾਹਮਣੇ ਰੱਖਿਆ ਹੈ। ਅੱਜ ਜਾਰੀ ਕੀਤੇ ਬਿਆਨ ਵਿੱਚ ਰਿਲਾਇੰਸ ਨੇ ਕਿਹਾ ਹੈ ਕਿ ਕਾਰਪੋਰੇਟ ਖੇਤੀ ਜਾਂ ਸਮਝੌਤੇ ਦੀ ਖੇਤੀ ਨਾਲਸਾਡਾ ਕੋਈ ਵਾਸਤਾ ਨਹੀਂ। ਕੰਪਨੀ ਨੇ ਕਿਹਾ ਕਿ ਕਾਰਪੋਰੇਟ ਜਾਂ ਠੇਕੇਦਾਰੀ ਖੇਤੀ ਖੇਤਰਵਿੱਚਆਉਣ ਦੀ ਸਾਡੀ ਯੋਜਨਾ ਨਹੀਂ ਅਤੇ 'ਅਸੀਂ ਕਦੇ ਵੀ ਕਾਰਪੋਰੇਟ ਖੇਤੀ ਲਈ ਖੇਤੀਬਾੜੀ ਵਾਲੀ ਜ਼ਮੀਨ ਨਹੀਂ ਖਰੀਦੀ'। ਰਿਲਾਇੰਸ ਨੇ ਕਿਹਾ ਹੈ ਕਿ ਉਹ ਖੇਤੀ ਵਾਲੀ ਜ਼ਮੀਨ ਕਦੇ ਨਹੀਂ ਖਰੀਦੇਗੀ। ਇਸ ਮੌਕੇ ਰਿਲਾਇੰਸ ਨੇ ਸਾਫ ਕੀਤਾ ਹੈ ਕਿ ਉਹ ਕਿਸਾਨਾਂ ਤੋਂ ਸਿੱਧਾ ਅਨਾਜ ਨਹੀਂ ਖਰੀਦਦੀ, ਐਮਐਸਪੀ ਉੱਤੇ ਕਿਸਾਨਾਂ ਤੋਂ ਅਨਾਜ ਸਪਲਾਇਰ ਖਰੀਦ ਦੇ ਹਨ। ਕੰਪਨੀ ਨੇ ਕਿਹਾ ਕਿ ਕਦੇ ਘੱਟ ਕੀਮਤ ਉੱਤੇ ਲੰਬੇ ਸਮੇਂ ਦਾ ਖਰੀਦ ਸਮਝੌਤਾ ਨਹੀਂ ਕੀਤਾ, ਸਾਡਾ ਉਦੇਸ਼ ਕਿਸਾਨਾਂ ਨੂੰ ਮਜ਼ਬੂਤ ਕਰਨਾ ਹੈ। ਇਸਕੰਪਨੀ ਨੇ ਕਿਹਾ ਕਿ ਰਿਲਾਇੰਸ ਰਿਟੇਲ ਦੇਸ਼ ਦੇ ਸੰਗਠਿਤ ਰਿਟੇਲ ਬਾਜ਼ਾਰ ਦੀ ਵੱਡੀ ਕੰਪਨੀ ਹੈ ਤੇ ਇਹ ਹਰ ਕਿਸਮ ਦੇ ਰਿਟੇਲ ਸਾਮਾਨਵਿੱਚ ਅਨਾਜ, ਫਲ, ਸਬਜ਼ੀਆਂ ਤੇ ਰੋਜ਼ਵਰਤੇ ਜਾਂਦੇ ਬਹੁਤ ਸਾਰੇ ਸਾਮਾਨ ਵੇਚਦੀ ਹੈ, ਜੋ ਪੈਦਾ ਕਰਨ ਵਾਲਿਆਂ ਜਾਂ ਸਪਲਾਇਰ ਵੱਲੋਂ ਆਉਂਦੇ ਹਨ, ਕੰਪਨੀ ਕਦੇ ਵੀ ਸਿੱਧੇ ਤੌਰ ਉੱਤੇ ਕਿਸਾਨਾਂ ਤੋਂ ਅਨਾਜ ਨਹੀਂ ਖਰੀਦਦੀ।

# ਬਰਗਾੜੀ ਬੇਅਦਬੀ ਕੇਸ ਵਿੱਚ ਸੀ ਬੀ ਆਈ ਨੂੰ ਹਾਈ ਕੋਰਟ ਦਾ ਵੱਡਾ ਝਟਕਾ

* ਇੱਕ ਮਹੀਨੇ ਵਿੱਚ ਪੰਜਾਬ ਪੁਲਿਸ ਨੂੰ ਫਾਈਲਾਂ ਸੌਂਪਣ ਦਾ ਹੁਕਮ



ਚੰਡੀਗੜ੍ਹ, 4 ਜਨਵਰੀ, (ਪੋਸਟ ਬਿਊਰੋ)- ਸਾਲ 2015 ਵਿੱਚ ਅਕਾਲੀ-ਭਾਜਪਾ ਸਰਕਾਰ ਦੌਰਾਨ ਹੋਏ ਬੇਅਦਬੀ ਕੇਸਾਂ ਦੀ ਜਾਂਚ ਕਰਨ ਬਾਰੇ ਪੰਜਾਬ ਦੀ ਮੌਜੂਦਾ ਸਰਕਾਰ ਵੱਲੋਂ ਲਏ ਗਏ ਸਟੈਂਡ ਦੀ ਪੁਸ਼ਟੀ ਕਰਦਿਆਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅੱਜ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੂੰ ਇਨ੍ਹਾਂ ਕੇਸਾਂ ਨਾਲ ਸਬੰਧਤ ਸਾਰੀਆਂ ਕੇਸ ਡਾਇਰੀਆਂ ਤੇ ਸਾਰੇ ਕਾਗਜਾਤ ਇਕ ਮਹੀਨੇ ਦੇ ਅੰਦਰ-ਅੰਦਰ ਪੰਜਾਬ ਪੁਲਿਸ ਦੇ ਹਵਾਲੇ ਕਰਨ ਦੇ ਹੁਕਮ ਦਿੱਤੇ ਹਨ।

ਹਾਈ ਕੋਰਟ ਨੇ ਇਹ ਹੁਕਮ ਸਾਲ 2015 ਵਿੱਚਹੋਈਆਂ ਬੇਅਦਬੀ ਦੀਆਂ ਘਟਨਾਵਾਂ ਦੇ ਇਕ ਦੋਸ਼ੀ ਸੁਖਜਿੰਦਰ ਸਿੰਘ ਉਰਫ ਸੰਨੀ ਵੱਲੋਂਦਿੱਤੀਅਰਜ਼ੀ ਉੱਤੇ ਦਿੱਤੇ ਹਨ। ਸੁਖਜਿੰਦਰ ਸਿੰਘ ਨੇ ਇਹ ਮੁੱਦਾ ਆਧਾਰ ਬਣਾਇਆ ਤੇ ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਵਲੋਂ ਚੱਲਦੀ ਜਾਂਚ ਨੂੰ ਚੁਣੌਤੀ ਦਿੱਤੀ ਸੀ ਕਿ ਇਹ ਜਾਂਚ ਕਰਨਾ ਸੀ ਬੀ ਆਈ ਦੇ ਅਧਿਕਾਰ ਖੇਤਰਵਿੱਚ ਹੈ।ਕੋਰਟ ਨੇ ਸੁਖਜਿੰਦਰਦੀ ਦਲੀਲ ਰੱਦ ਕਰ ਦਿੱਤੀ ਤੇਸੀ ਬੀ ਆਈ ਨੂੰ ਬੇਅਦਬੀ ਦੇ ਕੇਸਾਂ ਨਾਲ ਸਬੰਧਤ ਸਾਰੇ ਦਸਤਾਵੇਜ਼ ਤੇ ਹੋਰ ਸਮੱਗਰੀ ਪੰਜਾਬ ਪੁਲੀਸ ਦੇ ਹਵਾਲੇ ਕਰਨ ਲਈ ਕਿਹਾ ਹੈ। ਅਦਾਲਤ ਨੇ ਪੰਜਾਬ ਪੁਲੀਸ ਨੂੰ ਵੀ ਆਦੇਸ਼ ਦਿੱਤਾ ਕਿ ਸੀ ਬੀ ਆਈਵੱਲੋਂ ਸੌਂਪੀ ਗਈ ਸਮੱਗਰੀ ਨੂੰ ਵੇਖਣ ਮਗਰੋਂ ਇਸਕੇਸ ਦੀ ਸੁਣਵਾਈ ਕਰਦੀ ਅਦਾਲਤ ਦੇ ਵਿਚਾਰ ਲਈ ਕੇਸ ਵਿੱਚਸਪਲੀਮੈਂਟਰੀ ਚਲਾਨ ਪੇਸ਼ ਕੀਤਾ ਜਾਵੇ। ਹਾਈ ਕੋਰਟ ਦੇ ਜੱਜਾਂ ਨੇ ਕਿਹਾ ਕਿ ਹੇਠਲੀ ਅਦਾਲਤ ਜੇ ਜ਼ਰੂਰਤ ਸਮਝੇ ਤਾਂ ਦੋਸ਼ੀ ਨੂੰ ਨੋਟਿਸ ਭੇਜ ਸਕਦੀ ਹੈ।

ਅੱਜ ਦੇ ਹਾਈ ਕੋਰਟ ਦੇ ਹੁਕਮ ਦੇ ਬਾਅਦ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਕੇਸ ਵਿੱਚ ਹਾਈ ਕੋਰਟ ਦੇ ਆਦੇਸ਼ਾਂ ਨੂੰ ਰਾਜ ਸਰਕਾਰ ਦੇ ਪੱਖ ਦੀ ਪੁਸ਼ਟੀਮੰਨਦੇ ਹੋਏ ਕਿਹਾ ਕਿ ਸਮਾਂ ਆ ਗਿਆ ਹੈ ਕਿ ਅਦਾਲਤਾਂ ਦੀਆਂ ਹਦਾਇਤਾਂ ਉਤੇ ਸੀ ਬੀ ਆਈਵਿਚਾਰ ਕਰੇ ਤੇ ਕੇਸ ਨਾਲ ਸਬੰਧਤ ਫਾਈਲਾਂ ਰਾਜ ਸਰਕਾਰ ਨੂੰ ਸੌਂਪ ਦੇਵੇ ਤਾਂ ਕਿ ਇਨ੍ਹਾਂ ਜੁਰਮਾਂ ਦੇ ਦੋਸ਼ੀਆਂ ਨੂੰ ਸੰਬੰਧਤ ਅਦਾਲਤ ਤੋਂ ਸਜ਼ਾ ਦਿਵਾਈ ਜਾ ਸਕੇ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਪਿਛਲੇ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਸੀ ਬੀ ਆਈ ਦੇ ਆਪਹੁਦਰੇ ਪੈਂਤੜਿਆਂ ਵਿਰੁੱਧ ਲੜ ਰਹੀ ਹੈ, ਪਰ ਇਹ ਕੇਂਦਰੀ ਜਾਂਚ ਏਜੰਸੀ ਇਸ ਦੌਰਾਨ ਅਦਾਲਤਾਂ ਵੱਲੋਂ ਜਾਰੀ ਕੀਤੇ ਵੱਖ-ਵੱਖ ਆਦੇਸ਼ਾਂ ਅਤੇ ਹੁਕਮਾਂ ਉੱਤੇ ਅਮਲ ਨਹੀਂ ਸੀ ਕਰ ਰਹੀ। ਇਨ੍ਹਾਂ ਕੇਸਾਂ ਨੂੰ ਕਾਨੂੰਨੀ ਸਿੱਟੇ ਉਤੇ ਲਿਜਾਣ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਦੁਹਰਾਉਂਦੇ ਹੋਏਮੁੱਖ ਮੰਤਰੀ ਨੇ ਕਿਹਾ ਕਿ ਇਸ ਕੇਂਦਰੀ ਏਜੰਸੀ ਨੂੰ ਅਦਾਲਤੀ ਫੈਸਲੇ ਦਾ ਸਤਿਕਾਰ ਕਰਨਾ ਅਤੇ ਆਪਣੇ ਸਿਆਸੀ ਆਕਾਵਾਂ ਦੇ ਇਸ਼ਾਰਿਆਂ ਉਤੇ ਅਦਾਲਤਾਂ ਨੂੰ ਝਕਾਨੀਆਂ ਦੇਣਾ ਬੰਦ ਕਰਨਾ ਚਾਹੀਦਾ ਹੈ।

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਨੇ ਜਦੋਂ ਕੇਂਦਰੀ ਏਜੰਸੀ ਵੱਲੋਂ ਸਾਲ 2018 ਵਿੱਚ ਜਾਂਚ ਕਰਨ ਲਈ ਕੀਤੀ ਆਪਣੀ ਸਹਿਮਤੀ ਵਾਪਸ ਲੈ ਲਈ ਸੀ, ਓਦੋਂ ਤੋਂ ਸੀ ਬੀ ਆਈਵੱਲੋਂ ਐਸ ਆਈ ਟੀ ਦੀ ਜਾਂਚ ਵਿੱਚ ਰੁਕਾਵਟਾਂ ਪਾਉਣ ਦੇ ਯਤਨ ਕੀਤੇ ਜਾ ਰਹੇ ਸਨ ਤੇ ਕੇਸ ਦੀਆਂ ਫਾਈਲਾਂ ਰਾਜ ਸਰਕਾਰ ਨੂੰ ਦੇਣ ਤੋਂ ਇਨਕਾਰ ਕਰ ਰਹੀ ਸੀ। ਇਸ ਏਜੰਸੀ ਨੇ ਕਲੋਜ਼ਰ ਰਿਪੋਰਟ ਦਾਇਰ ਕਰਨ ਪਿੱਛੋਂ ਸਤੰਬਰ 2019 ਵਿੱਚ ਵਿਸ਼ੇਸ਼ ਜਾਂਚ ਟੀਮ ਦੀ ਜਾਂਚ ਵਿੱਚ ਰੁਕਾਵਟ ਪਾਉਣ ਦੇ ਲਈ ਇਕ ਨਵੀਂ ਜਾਂਚ ਟੀਮ ਵੀ ਬਣਾ ਦਿੱਤੀ। ਇਸ ਦੇ ਬਾਅਦ ਜਾਂਚ ਅੱਗੇ ਨਾ ਤੁਰੀ ਤਾਂ ਪੰਜਾਬ ਵਿਧਾਨ ਸਭਾ ਨੇਸੀ ਬੀ ਆਈ ਤੋਂ ਕੇਸ ਦੀ ਜਾਂਚ ਬਾਰੇ ਸਹਿਮਤੀ ਵਾਪਸ ਲੈਣ ਦਾ ਮਤਾ ਪਾਸ ਕਰ ਕੇ ਵਿਸ਼ੇਸ਼ ਜਾਂਚ ਟੀਮ ਬਣਾਉਣ ਲਈ ਫੈਸਲਾ ਕੀਤਾ ਸੀ। ਇਸ ਫੈਸਲੇ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਗਈ ਸੀ, ਪਰ 25 ਜਨਵਰੀ 2019 ਨੂੰ ਦਿੱਤੇ ਫੈਸਲੇ ਵਿੱਚਹਾਈ ਕੋਰਟ ਨੇ ਇਸ ਨੂੰ ਕਾਇਮ ਰੱਖਿਆ ਸੀ। ਇਸ ਦੇ ਬਾਵਜੂਦਸੀ ਬੀ ਆਈ ਨੇ ਕੇਸਾਂਦੀਆਂ ਡਾਇਰੀਆਂ ਅਤੇ ਦਸਤਾਵੇਜ਼ ਪੰਜਾਬ ਪੁਲਿਸ ਨੂੰ ਨਹੀਂ ਸੌਂਪੇ, ਸਗੋਂ ਜੁਲਾਈ 2019 ਵਿੱਚਸੀ ਬੀ ਆਈ ਅਦਾਲਤ ਵਿੱਚ ਕਲੋਜ਼ਰ ਰਿਪੋਰਟ ਦਾਇਰ ਕਰ ਦਿੱਤੀ ਅਤੇ ਫਿਰ ਸੀ ਬੀ ਆਈ ਨੇ ਓਸੇ ਕੋਰਟ ਨੂੰ ਕਲੋਜ਼ਰ ਰਿਪੋਰਟ ਨੂੰਰੱਦ ਕਰਨ ਦੀ ਬੇਨਤੀ ਕਰ ਕੇ ਇਸ ਕੇਸ ਦੀ ਹੋਰ ਜਾਂਚ ਦੀ ਆਗਿਆ ਮੰਗੀ ਸੀ।ਪੰਜਾਬ ਹਰਿਆਣਾ ਹਾਈ ਕੋਰਟ ਦੇ ਸਾਲ 2019 ਦੇ ਫੈਸਲੇ ਨੂੰ ਚੁਣੌਤੀ ਦੇਣ ਲਈਸੀ ਬੀ ਆਈ ਦੀ ਅਪੀਲ ਸੁਪਰੀਮ ਕੋਰਟ ਨੇ ਵੀ ਫਰਵਰੀ 2020 ਵਿੱਚਰੱਦ ਕਰ ਦਿੱਤੀ ਸੀ, ਪਰਸੀ ਬੀ ਆਈ ਨੇ ਕੇਸ ਦੇ ਦਸਤਾਵੇਜ਼ ਪੰਜਾਬ ਪੁਲੀਸ ਨੂੰ ਫਿਰ ਵੀ ਨਹੀਂ ਸੌਂਪੇ।ਇਸ ਦੌਰਾਨ ਪੰਜਾਬ ਪੁਲੀਸ ਨੇ ਬੇਅਦਬੀ ਕੇਸਾਂ ਦੀ ਆਜ਼ਾਦ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਬਣਾਈ, ਜਿਸ ਨੇ ਜੁਲਾਈ 2020 ਵਿੱਚ ਫਰੀਦਕੋਟ ਅਦਾਲਤ ਨੂੰ ਚਾਰਜਸ਼ੀਟ ਪੇਸ਼ ਕੀਤੀ ਤਾਂ ਸੁਖਜਿੰਦਰ ਸਿੰਘ ਨੇ ਚੁਣੌਤੀ ਦਿੱਤੀ ਸੀ।

# ਹਿਮਾਚਲ ਪ੍ਰਦੇਸ਼ ਵਿੱਚ ਬਰਡ ਫਲੂ ਦੀ ਦਸਤਕ

ਸ਼ਿਮਲਾ, 4 ਜਨਵਰੀ (ਪੋਸਟ ਬਿਊਰੋ)- ਭਾਰਤ ਦੇ ਕੁਝ ਰਾਜਾਂ ਵਿੱਚ ਬਰਡ ਫਲੂ ਦੇ ਮਾਮਲੇ ਸਾਹਮਣੇ ਆਉਣ ਦੇ ਬਾਅਦ ਹਿਮਾਚਲ ਵਿੱਚ ਵੀ ਅਲਰਟ ਜਾਰੀ ਕਰ ਦਿੱਤਾ ਗਿਆ ਹੈ।

ਪਸ਼ੂਪਾਲਨ ਵਿਭਾਗ ਨੇ ਹਿਮਾਚਲ ਪ੍ਰਦੇਸ਼ ਦੇ ਸਾਰੇ ਡੀ ਸੀਜ਼ ਨੂੰ ਇਸ ਬਾਰੇ ਐਡਵਾਈਜਰੀ ਜਾਰੀ ਕਰ ਦਿੱਤੀ ਤੇ ਜ਼ਰੂਰੀ ਕਦਮ ਉਠਾਉਣ ਨੂੰ ਕਿਹਾ ਹੈ ਤੇ ਇਸ ਦੌਰਾਨ ਹਿਮਾਚਲ ਦੀ ਪੌਂਗ ਝੀਲ ਵਿੱਚ ਪੰਛੀਆਂ ਦੇ ਮਰਨ ਦਾ ਸਿਲਸਿਲਾ ਜਾਰੀ ਹੈ। ਜਾਣਕਾਰ ਸੂਤਰਾਂ ਮੁਤਾਬਕ ਆਈ ਵੀ ਆਰ ਆਈ ਬਰੇਲੀ ਦੀ ਲੈਬ ਵਿੱਚ ਬਰਡ ਫਲੂ ਦੀ ਪੁਸ਼ਟੀ ਹੋ ਗਈ ਹੈ, ਪਰ ਇਸ ਨੂੰ ਉਦੋ ਤੱਕ ਪੁਸ਼ਟ ਨਹੀਂ ਮੰਨਿਆ ਜਾਵੇਗਾ, ਜਦੋਂ ਤੱਕ ਮੱਧ ਪ੍ਰਦੇਸ਼ ਦੀ ਭੋਪਾਲ ਲੈਬ ਦੀ ਰਿਪੋਰਟ ਨਹੀਂ ਆ ਜਾਂਦੀ। ਇਸ ਰਾਜ ਦਾ ਜੰਗਲ ਪ੍ਰਾਣੀ ਵਿਭਾਗ ਭੋਪਾਲ ਦੀ ਰਿਪੋਰਟ ਦੀ ਉਡੀਕ ਕਰ ਰਿਹਾ ਹੈ। ਇਸ ਤੋਂ ਪਹਿਲਾਂ ਜੰਗਲ ਪ੍ਰਾਣੀ ਵਿਭਾਗ ਨੇ ਪੌਂਗ ਝੀਲ ਵਿੱਚ ਮ੍ਰਿਤਕ ਪੰਛੀਆਂ ਦੇ ਸੈਂਪਲ ਜਾਂਚਣ ਦੇ ਲਈ ਜਲੰਧਰ ਭੇਜੇ ਸੀ, ਜਿਨ੍ਹਾਂ ਨੂੰ ਜਲੰਧਰ ਦੀ ਲੈਬ ਦੀ ਸਿਫਾਰਿਸ਼ 'ਤੇ ਭੁਪਾਲ ਭੇਜਿਆ ਹੈ। ਪੌਂਗ ਝੀਲ ਵਿੱਚ ਇੱਕ ਦਿਨ ਪਹਿਲਾਂ ਤੱਕ 1,446 ਪੰਛੀ ਮਰ ਗਏ ਸਨ। ਇਸ ਨਾਲ ਲੋਕਾਂ ਵਿੱਚ ਤਰਥੱਲੀ ਮਚ ਗਈ ਹੈ। ਸਥਾਨਕ ਪ੍ਰਸ਼ਾਸਨ ਨੇ ਅਲਰਟ ਜਾਰੀ ਕਰ ਦਿੱਤਾ ਹੈ ਅਤੇ ਮਛੇਰਿਆਂ ਤੇ ਹੋਰ ਲੋਕਾਂ ਨੂੰ ਝੀਲ ਦੇ ਆਸ ਪਾਸ ਨਾ ਜਾਣ ਦੀ ਹਿਦਾਇਤ ਦਿੱਤੀ ਹੈ। ਪੌਂਗ ਝੀਲ ਵਿੱਚ ਪਿਛਲੇ 5 ਦਿਨਾਂ ਵਿੱਚ ਪ੍ਰਵਾਸੀ ਪੰਛੀਆਂ ਦੀ ਰਹੱਸਮਈ ਤਰੀਕੇ ਨਾਲ ਮੌਤ ਹੋ ਰਹੀ ਹੈ। ਲਿਹਾਜਾ ਮੱਛੀਆਂ ਦੇ ਸ਼ਿਕਾਰ 'ਤੇ ਵੀ ਰੋਕ ਲਗਾ ਦਿੱਤੀ ਗਈ ਹੈ।

# ਜੂਲੀਅਨ ਅਸਾਂਜੇ ਨੂੰ ਅਮਰੀਕਾ ਦੇ ਹਵਾਲੇ ਕਰਨ ਦੀ ਅਰਜ਼ੀ ਅਦਾਲਤ ਵੱਲੋਂ ਰੱਦ

ਲੰਡਨ, 4 ਜਨਵਰੀ, (ਪੋਸਟ ਬਿਊਰੋ)- ਵਿਕੀਲੀਕਸ ਦੇ ਮੋਢੀ ਜੂਲੀਅਨ ਅਸਾਂਜੇ ਨੂੰ ਅਮਰੀਕਾ ਦੇ ਹਵਾਲੇ ਕਰਨ ਵਾਲੀ ਅਰਜ਼ੀ ਬ੍ਰਿਟੇਨ ਦੀ ਅਦਾਲਤ ਨੇ ਠੁਕਰਾ ਦਿੱਤੀ ਹੈ। ਜੱਜ ਨੇ ਕਿਹਾ ਹੈ ਕਿ ਜੇਏਦਾਂ ਕੀਤਾ ਤਾਂ ਨਾ ਕੇਵਲ ਉਹ ਖ਼ੁਦਕੁਸ਼ੀ ਕਰ ਸਕਦਾ ਹੈ, ਸਗੋਂ ਉਸ ਦੀ ਮਾਨਸਿਕ ਸਥਿਤੀ ਦੇਖਦੇ ਹੋਏ ਅਜਿਹਾ ਕਰਨਾ ਤਸ਼ੱਸਦ ਹੋਵੇਗਾ। ਅਮਰੀਕੀ ਸਰਕਾਰ ਨੇ ਇਸ ਫ਼ੈਸਲੇ ਦੇ ਖ਼ਿਲਾਫ਼ ਅਪੀਲ ਕਰਨ ਦੀ ਗੱਲ ਕਹੀ ਹੈ।

ਵਰਨਣ ਯੋਗ ਹੈ ਕਿ ਇਕ ਦਹਾਕਾ ਪਹਿਲਾਂ ਫ਼ੌਜੀ ਅਤੇ ਡਿਪਲੋਮੈਟਿਕ ਦਸਤਾਵੇਜ਼ਾਂ ਦੇ ਜੱਗ ਜ਼ਾਹਰ ਹੋਣ ਮਗਰੋਂ ਜੂਲੀਅਨ ਅਸਾਂਜੇ ਆਪਣੇ ਖਿਲਾਫ ਅਮਰੀਕਾ ਵਿਚ ਜਾਸੂਸੀ ਦੇ 17 ਦੋਸ਼ਾਂ ਤੇ ਕੰਪਿਊਟਰ ਦੀ ਦੁਰਵਰਤੋਂ ਦੇ ਇਕ ਦੋਸ਼ ਦਾ ਸਾਹਮਣਾ ਕਰ ਰਿਹਾ ਹੈ। ਜੇ ਇਹ ਦੋਸ਼ ਸਾਬਤ ਹੋਏ ਤਾਂ ਉਸ ਨੂੰ 175 ਸਾਲਜੇਲ੍ਹ ਸਜ਼ਾ ਹੋ ਸਕਦੀ ਹੈ। ਆਸਟ੍ਰੇਲੀਆ ਵਿਚ ਪੈਦਾ ਹੋਏ 49 ਸਾਲਾਂ ਦੇ ਜੂਲੀਅਨ ਅਸਾਂਜੇ ਦੇ ਵਕੀਲਾਂ ਦਾ ਸੁਣਵਾਈ ਦੌਰਾਨ ਇਹ ਕਹਿਣਾ ਸੀ ਕਿ ਇਰਾਕ ਅਤੇ ਅਫ਼ਗਾਨਿਸਤਾਨ ਵਿਚ ਅਮਰੀਕੀ ਫ਼ੌਜ ਦੇ ਗ਼ਲਤ ਕੰਮਾਂ ਨੂੰ ਜ਼ਾਹਰ ਕਰਨ ਵੇਲੇ ਉਹ ਪੱਤਰਕਾਰ ਵਜੋਂ ਕੰਮ ਕਰ ਰਿਹਾ ਸੀ ਤੇ ਇਸ ਸਥਿਤੀ ਵਿਚ ਉਹ ਫਰੀਡਮ ਆਫ ਸਪੀਚ ਹੇਠਸੁਰੱਖਿਆ ਦਾ ਹੱਕਦਾਰ ਹੈ।

ਡਿਸਟ੍ਰਿਕਟ ਜੱਜ ਵੈਨੇਸਾ ਬਰਾਈਟਰ ਨੇ ਜੂਲੀਅਨ ਅਸਾਂਜ ਦੇ ਇਸ ਦਾਅਵੇ ਨੂੰ ਰੱਦ ਕਰ ਦਿੱਤਾ ਕਿ ਅਸਾਂਜੇ ਨੂੰ ਫਰੀਡਮ ਆਫ ਸਪੀਚ ਦੇ ਅਧਿਕਾਰ ਹੇਠ ਸਜ਼ਾ ਨਹੀਂ ਸੁਣਾਈ ਜਾ ਸਕਦੀ। ਜੱਜ ਨੇ ਕਿਹਾ ਕਿ ਜੇ ਉਸ ਦਾ ਦੋਸ਼ ਸਾਬਤ ਹੁੰਦਾ ਹੈ ਤਾਂ ਇਹ ਸਜ਼ਾ ਫਰੀਡਮ ਆਫ ਸਪੀਚ ਹੇਠ ਸੁਰੱਖਿਅਤ ਨਹੀਂ ਹੋਵੇਗੀ। ਫਿਰ ਵੀ ਜੱਜ ਨੇ ਕਿਹਾ ਕਿ ਇਸ ਵੇਲੇ ਡਿਪਰੈਸ਼ਨ ਦੇ ਸ਼ਿਕਾਰ ਜੂਲੀਅਨਅਸਾਂਜੇ ਦੀ ਹਵਾਲਗੀ ਕੀਤੀ ਤਾਂ ਉਸ ਨੂੰ ਅਮਰੀਕੀ ਜੇਲ੍ਹ ਵਿਚ ਇਕਲਾਪੇ ਦਾ ਸਾਹਮਣਾ ਕਰਨਾ ਪਵੇਗਾ ਤੇ ਇਸ ਨਾਲ ਉਸ ਦੀ ਬਿਮਾਰੀ ਵਧ ਜਾਵੇਗੀ। ਜੱਜ ਨੇ ਇਹ ਵੀ ਕਿਹਾ ਹੈ ਕਿ ਜੇ ਉਸ ਦੀ ਹਵਾਲਗੀ ਕੀਤੀ ਤਾਂ ਉਹ ਖ਼ੁਦਕੁਸ਼ੀ ਵੀ ਕਰ ਸਕਦਾ ਹੈ। ਮਈ 2019 ਵਿਚ ਲੰਡਨ ਵਿਚਲੀ ਜੇਲ੍ਹ ਵਿੱਚ ਉਸ ਦੀ ਕੋਠਰੀ ਤੋਂ ਬਲੇਡ ਮਿਲਿਆ ਸੀ ਅਤੇ ਉਸ ਨੇ ਮੈਡੀਕਲ ਸਟਾਫ ਨੂੰ ਆਪਣੇ ਆਤਮ ਹੱਤਿਆ ਦੇ ਖਿਆਲ ਬਾਰੇ ਵੀ ਦੱਸਿਆ ਸੀ।

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ●For Marketing 647-656-6648

# ਨਿਊਜ਼ੀਲੈਂਡ ਵਿਚ ਇੰਗਲੈਂਡ ਤੋਂ ਪਹੁੰਚ ਰਹੇ ਨਵੇਂ ਕਰੋਨਾ ਪੀੜ੍ਹਤ ਕੇਸਾਂ ਨੂੰ ਸਰਕਾਰ ਨੇ ਲਿਆ 'ਸੀਰੀਅਸ'

## 15 ਜਨਵਰੀ ਤੋਂ ਯੂ.ਕੇ ਅਤੇ ਯੂ. ਐੱਸ. ਏ. ਤੋਂ ਆਉਣ ਵਾਲਿਆਂ ਲਈ ਕੋਰੋਨਾ ਨੈਗੇਟਿਵ ਟੈਸਟ ਜ਼ਰੂਰੀ ਹੋਵੇਗਾ

ਆਕਲੈਂਡ, 4 ਜਨਵਰੀ (ਹਰਜਿੰਦਰ ਸਿੰਘ ਬਸਿਆਲਾ): ਨਿਊਜ਼ੀਲੈਂਡ ਦੇ ਵਿਚ ਜਿੱਥੇ ਕੋਵਿਡ-19 ਤੋਂ ਕਮਿਊਨਿਟੀ ਬਚੀ ਹੋਈ ਹੈ ਉਥੇ ਨਵਾਂ ਕਰੋਨਾ ਜਿਸ ਦਾ ਆਗਾਜ਼ ਇੰਗਲੈਂਡ ਤੋਂ ਹੋਇਆ ਹੈ, ਵਧੇਰੇ ਖਤਰਨਾਕ ਦਸਚਤਕ ਦੇਣ ਲਈ ਕਾਹਲਾ ਪਿਆ ਹੈ। ਇਹ ਅਜਿਹਾ ਕਰੋਨਾ ਹੈ ਜੇਕਰ ਇਕ ਵਾਰ ਵਿਸ਼ਵ ਵਿਚ ਫੈਲ ਗਿਆ ਤਾਂ ਵੱਡੀ ਤਬਾਹੀ ਨੂੰ ਜਨਮ ਦੇਵੇਗਾ। ਨਿਊਜ਼ੀਲੈਂਡ ਸਰਕਾਰ ਇਸ ਨੂੰ ਬੜੀ ਗੰਭੀਰਤਾ ਨਾਲ ਲੈ ਰਹੀ ਹੈ। ਨਿਊਜ਼ੀਲੈਂਡ ਦੇ ਵਿਚ ਇਸਦੇ 6 ਕੇਸ ਪਹੁੰਚੇ ਹਨ ਜੋ ਮੈਨੇਜਡ ਆਈਸੋਲੇਸ਼ਨ ਦੇ ਵਿਚ ਹਨ। ਮਾਹਿਰਾਂ ਨੇ ਕਿਹਾ ਹੈ ਕਿ ਆਉਣ ਵਾਲੇ ਕੁਝ ਹਫਤਿਆਂ ਦੇ ਵਿਚ ਇਹ ਨਵਾਂ ਕਰੋਨਾ ਬਹੁਤ ਭਿਆਨਕ ਰੂਪ ਲੈ ਸਕਦਾ ਹੈ। ਇਹ ਨਵਾਂ ਕਰੋਨਾ ਸਟ੍ਰੇਨ ਪਹਿਲੇ ਕਰੋਨਾ ਨਾਲੋਂ 50 ਤੋਂ



70% ਤੱਕ ਜਿਆਦਾ ਛੂਤ ਵਾਲੇ ਕੀਟਾਣੂ ਫੈਲਾਉਂਦਾ ਹੈ। ਜੇਕਰ ਇਹ ਕਮਿਊਨਿਟੀ ਦੇ ਵਿਚ ਫੈਲਦਾ ਹੈ ਤਾਂ ਬਹੁਤ ਨੁਕਸਾਨ ਕਰੇਗਾ ਅਤੇ ਇਸਨੂੰ ਨਿਯੰਤਰਣ ਕਰਨਾ ਔਖਾ ਹੈ। ਜੇਕਰ ਇਹ ਫੈਲ ਗਿਆ ਤਾਂ ਲਾਕਡਾਊਨ ਦੁਬਾਰਾ ਲੱਗ ਸਕਦਾ ਹੈ ਅਤੇ ਸਰਕਾਰ ਨਹ ਚਾਹੁੰਦੀ ਕਿ ਅਜਿਹਾ ਸਮਾਂ ਦੁਬਾਰਾ ਆਵੇ। 15 ਜਨਵਰੀ ਤੋਂ ਇੰਗਲੈਂਡ ਅਤੇ ਅਮਰੀਕਾ ਤੋਂ ਨਿਊਜ਼ੀਲੈਂਡ ਆਉਣ ਵਾਲਿਆਂ ਲਈ ਕਰੋਨਾ ਟੈਸਟ ਪਹਿਲਾਂ ਕਰਵਾ ਕੇ ਆਉਣਾ ਜਰੂਰੀ ਹੋਵੇਗਾ ਉਹ ਵੀ 72 ਘੰਟੇ ਪਹਿਲਾਂ।

ਇਸ ਤੋਂ ਇਲਾਵਾ ਕਈ ਏਅਰ ਲਾਈਨਾਂ ਅਤੇ ਦੇਸ਼ ਪਹਿਲਾਂ ਹੀ ਇਹ ਟੈਸਟ ਲਾਜ਼ਮੀ ਕਰ ਚੁੱਕੇ ਹਨ। ਇਸ ਵੇਲੇ ਜੋ ਇੰਗਲੈਂਡ ਤੋਂ ਨਿਊਜ਼ੀਲੈਂਡ ਆ ਰਹੇ ਹਨ ਉਹ ਦੋਹਾ ਅਤੇ ਕਤਰ ਰਾਹ ਦਾਖਲ ਹੋ ਰਹੇ ਜਿੱਥੇ ਉਹ ਟੈਸਟ ਕਰਵਾਉਣ ਤੋਂ ਬਚ ਜਾਂਦੇ ਹਨ। ਨਿਊਜ਼ੀਲੈਂਡਰ ਜੋ ਕਿ ਯੂ. ਕੇ ਤੋਂ ਇਥੇ ਆਉਣਾ ਚਾਹੁੰਦੇ ਹਨ ਉਹ ਵਾਇਆ ਜਪਾਨ, ਚਾਈਨਾ ਅਤੇ ਹਾਂਗਕਾਂਗ ਤੋਂ ਨਹ ਆ ਸਕਦੇ। ਵਾਇਆ ਸਿੰਗਾਪੁਰ ਆਉਂਦੇ ਹਨ ਪਰ ਕਰੋਨਾ ਟੈਸਟ ਨੈਗੇਟਿਵ ਹੋਣਾ ਚਾਹੀਦਾ ਹੈ। ਮਾਹਿਰ ਕਹਿੰਦੇ ਹਨ ਕਿ ਭਾਵੇਂ ਸਾਰੇ ਕਰੋਨਾ ਪੀੜਤ ਮੁੱਢਲੀ ਅਵਸਥਾ ਵਿਚ ਨਹ ਫੜੇ ਜਾ ਸਕਦੇ ਪਰ ਫਿਰ ਵੀ ਇਸ ਦੇ ਨਾਲ ਸੁਰੱਖਿਆਂ ਨੂੰ ਇਕ ਹੋਰ ਘੇਰਾ ਮਿਲਦਾ ਹੈ।

# ਨਿਊਜ਼ੀਲੈਂਡ ਦੀ 1200 ਹੈਕਟੇਅਰ ਵਿਚ ਫੈਲੀ 'ਵਾਇਕੇਰੀਆ ਜੇਲ੍ਹ' ਕੈਦੀਆਂ ਨੇ ਫੂਕੀ

ਆਕਲੈਂਡ, 4 ਜਨਵਰੀ (ਹਰਜਿੰਦਰ ਸਿੰਘ ਬਸਿਆਲਾ): ਨਿਊਜ਼ੀਲੈਂਡ ਦੀ ਇਕ ਵੱਡੀ ਜੇਲ੍ਹ 'ਵਾਇਕੇਰੀਆ ਜੇਲ੍ਹ' ਜੋ ਕਿ 1200 ਹੈਕਟੇਅਰ ਵਿਚ ਫੈਲੀ ਹੋਈ ਹੈ ਵਿਖੇ ਕੁਝ ਦਿਨਾਂ ਤੋਂ ਚੱਲ ਰਹੀ ਕੁਝ ਕੈਦੀਆਂ ਦੀ ਮੰਗਾਂ ਦੀ ਲੜਾਈ ਨੇ ਕੱਲ੍ਹ ਜੇਲ੍ਹ ਨੂੰ ਫੂਕਣ ਤੱਕ ਦਾ ਕੰਮ ਕਰਵਾ ਦਿੱਤਾ। 29 ਦਸੰਬਰ ਤੋਂ ਸ਼ੁਰੂ ਹੋਈ 16 ਕੈਦੀਆਂ ਦੀ ਇਸ ਲੜਾਈ ਨੇ ਭਿਆਨਕ ਰੂਪ ਲੈ ਲਿਆ। ਕੈਦੀ ਜੇਲ੍ਹ ਦੀ ਛੱਤ ਉਤੇ ਵੀ ਚੜ੍ਹ ਗਏ, ਜੇਲ੍ਹ ਦੇ ਬਹੁਤੇ ਹਿੱਸੇ ਨੂੰ ਅੱਗ ਲਾ ਦਿੱਤੀ ਗਈ। ਪੁਲਿਸ ਨੇ ਐਮਰਜੈਂਸੀ ਹਾਲਾਤ ਦੇ ਵਿਚ ਜੇਲ੍ਹ ਦੇ ਕੁਝ ਹਿਸਿਆਂ ਨੂੰ ਹਾਲ ਦੀ ਘੜੀ ਬੰਦ ਕਰ ਦਿੱਤਾ ਹੈ। ਜੇਲ੍ਹ ਦੀ ਛੱਤ ਹੇਠਾਂ ਡਿਗਣੀ ਸ਼ੁਰੂ ਹੋ ਗਈ ਹੈ, ਕਈ ਮਿਲੀਅਨ ਡਾਲਰ ਦਾ ਨੁਕਸਾਨ ਹੋਣ ਦੀ ਸੰਭਾਵਨਾ ਹੈ। ਕੈਦੀਆਂ ਦੀ ਲੜਾਈ ਦੌਰਾਨ ਬਹੁਤਿਆਂ ਨੂੰ ਰਾਤ ਦਾ ਖਾਣਾ ਨਹ ਮਿਲਿਆ ਅਤੇ ਕਈ ਦਵਾਈ ਤੋਂ ਵਾਂਝੇ ਰਹੇ। 16 ਕੈਦੀਆਂ ਦੀ ਮੰਗ ਸੀ ਕਿ ਉਨ੍ਹਾਂ ਨੂੰ



ਵਧੀਆ ਸਹੂਲਤਾਂ ਵਾਲੇ ਸੈਲ (ਟੌਪ ਸੈਲ) ਵਿਚ ਮਿਲਦੀਆਂ ਸਹੂਲਤਾਂ ਦਿੱਤੀਆਂ ਜਾਣ। ਅੱਗ ਲੱਗਣ ਤੋਂ ਬਾਅਦ ਬਹੁਤ ਸਾਰੇ (200) ਕੈਦੀਆਂ ਨੂੰ ਦੂਜੀ ਥਾਂ ਬਦਲ ਦਿੱਤਾ ਗਿਆ ਅਤੇ ਕਿਸੇ ਦਾ ਜਾਨੀ ਨੁਕਸਾਨ ਹੋਣ ਦੀਆਂ ਖਬਰਾਂ ਨਹ ਹਨ।

29 ਦਸੰਬਰ ਨੂੰ ਕੈਦੀਆਂ ਵੱਲੋਂ ਐਕਸਰਸਾਈਜ ਯਾਰਡ ਦੇ ਵਿਚ ਅੱਗ ਲਗਾਉਣ ਅਤੇ ਜੇਲ੍ਹ ਨੂੰ ਨੁਕਸਾਨ ਪਹੁੰਚਾਉਣ ਦਾ ਕਾਰਾ ਸ਼ੁਰੂ ਕੀਤਾ ਗਿਆ। ਕੈਦੀਆਂ ਨੇ ਆਪਣੇ ਸੌਣ ਵਾਲੇ ਗੱਦੇ ਵੀ ਜਲਾ ਦਿੱਤੇ। ਛੱਤਾਂ ਦੇ ਵਿਚ ਸੁਰਾਖ ਕਰ ਦਿੱਤੇ। ਕੁੱਲ 20 ਕੈਦੀਆਂ ਨੇ ਖਰੂਦ ਪਾਇਆ ਸੀ ਜਿਸ ਵਿਚੋਂ 4 ਨੇ ਆਪਣੇ ਆਪ ਨੂੰ ਸਟਾਫ ਦੇ ਸਪੁਰਦ ਕਰ ਦਿੱਤਾ ਸੀ। ਇਥੇ ਦੀ ਟੌਪ ਜੇਲ੍ਹ ਦੇ ਵਿਚ ਜਿਆਦਾ ਸਹੂਲਤਾਂ ਹੋਣ ਕਰਕੇ ਇਹ ਸਾਰਾ ਰੌਲਾ ਪਿਆ। ਟੌਪ ਜੇਲ ਵਾਲਿਆਂ ਨੂੰ ਸਟਾਫ ਨੇ ਸੁਰੱਖਿਅਤ ਕਰ ਲਿਆ ਹੈ।

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, Angrez Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਨਿਊਜ਼ੀਲੈਂਡ ਦੇ ਵਿਚ ਮਾਰਚ 2021 ਤੱਕ ਆਈਸੋਲੇਸ਼ਨ ਵਾਸਤੇ ਹੋਟਲ ਹਨ ਪਹਿਲਾਂ ਹੀ ਬੁੱਕ

ਆਕਲੈਂਡ, 4 ਜਨਵਰੀ (ਹਰਜਿੰਦਰ ਸਿੰਘ ਬਸਿਆਲਾ): ਨਿਊਜ਼ੀਲੈਂਡ ਦੇ ਵਿਚ 19 ਮਾਰਚ 2020 ਤੋਂ ਦੇਸ਼ ਦੇ ਬਾਰਡਰ ਵਿਦੇਸ਼ੀ ਲੋਕਾਂ ਲਈ ਬੰਦ ਹਨ। ਸਰਕਾਰ ਸਿਰਫ ਪੱਕੇ ਲੋਕਾਂ ਅਤੇ ਦੇਸ਼ ਦੇ ਨਾਗਰਿਕਾਂ ਨੂੰ ਹੀ ਆਪਣੇ ਘਰੇ ਪਰਤਣ ਦੀ ਇਜਾਜਤ ਦੇ ਰਹੀ ਹੈ। ਕਈਆਂ ਦੇ ਜੀਵਨ ਸਾਥੀ ਇਕ ਦੂਜੇ ਤੋਂ ਵਿਛੜੇ ਹੋਏ ਹਨ ਅਤੇ ਕਈ ਹਜ਼ਾਰਾਂ ਡਾਲਰ ਲਾ ਕੇ ਵੀਜਾ ਪ੍ਰਾਪਤ ਕਰਕੇ ਵੀ ਕਿਸੇ ਕਾਰਨ ਇਥੇ ਅਪੜਨ ਤੋਂ ਰਹਿ ਗਏ ਹਨ। ਕਰੋਨਾ ਅਜਿਹਾ ਜਬਰਦਸਤੀ ਬਿਨ ਬੁਲਾਏ ਮਹਿਮਾਨ ਵਾਂਗ ਬਣਕੇ ਆਇਆ ਕਿ ਇਸਨੇ ਦੇਸ਼ ਦੇ ਅਸਲ ਮਹਿਮਾਨਾਂ ਨੂੰ ਹੀ ਵਤਨੋਂ ਲਾਂਭੇ ਕਰ ਦਿੱਤਾ। ਹੁਣ ਸਰਕਾਰ ਹੌਲੀ-ਹੌਲੀ ਕਰਕੇ ਦੇਸ਼ ਦੇ ਵਸਨੀਕਾਂ ਜਾਂ ਫਿਰ ਜਿਨ੍ਹਾਂ ਦੀ ਇਥੇ ਉਨ੍ਹਾਂ ਨੂੰ ਲੋੜ ਹੈ ਜਾਂ ਫਿਰ ਕਿਸੀ ਦੀ ਗੰਭੀਰ ਸਥਿਤੀ ਨੂੰ ਵੇਖਦਿਆਂ ਇਥੇ ਆਉਣ ਦੀ ਇਜਾਜਤ ਦੇ ਰਹੀ ਹੈ। ਇਥੇ ਆਉਣ ਦੀ ਯੋਗਤਾ ਹਾਸਿਲ ਕਰਨ ਤੋਂ ਬਾਅਦ ਵੀ ਇਥੇ ਆਉਣਾ ਐਨਾ ਸੌਖਾ ਅਤੇ ਨਰਮ ਨਹ ਰਿਹਾ। ਸਤਿੰਦਰ ਸਰਤਾਜ ਦਾ ਇਕ ਗੀਤ ਹੈ ਕਿ 'ਦਿਲ ਪਹਿਲਾਂ ਤਿਹਾ ਨੀ ਰਿਹਾ ਇਹ ਕਠੋਰ ਹੋ ਗਿਆ'' ਲਗਦਾ ਹੈ ਕਿ ਇਸਨੂੰ ਨਿਊਜ਼ਲੈਂਡ ਪਰਤਣ ਵਾਲੇ ਪੰਜਾਬੀ ਇਸ ਤਰ੍ਹਾਂ ਗਾ ਰਹੇ ਹੋਣਗੇ ਕਿ 'ਨਿਊਜ਼ੀਲੈਂਡ ਪਹਿਲਾਂ ਜਿਹਾ ਨੀ ਰਿਹਾ ਇਹ ਕਠੋਰ ਹੋ ਗਿਆ।'' ਇਹ ਕਠੋਰਤਾ ਉਦੋਂ




Complete these four steps if you are travelling to New Zealand

ਹੋਰ ਕਠੋਰ ਪ੍ਰਤੀਤ ਹੁੰਦੀ ਹੈ ਜਦੋਂ ਇਥੇ ਆਉਣ ਦੇ ਲਈ ਤੁਹਾਨੂੰ 14 ਦਿਨਾਂ ਦੇ ਏਕਾਂਤਵਾਸ ਲਈ ਆਪ ਹੀ ਹੋਟਲ ਵਾਊਚਰ ਹਾਸਿਲ ਕਰਨਾ ਹੁੰਦਾ ਹੈ। ਇਸਦੇ ਲਈ ਸਰਕਾਰ ਨੇ ਚਾਰ ਪੜਾਵਾਂ ਦੇ ਵਿਚ ਸਿਸਟਮ ਬਣਾਇਆ ਹੋਇਆ ਹੈ। ਪਹਿਲਾ ਇਹ ਹੈ ਕਿ ਆਪਣੀ ਜਾਂ ਇਥੇ ਆਉਣ ਵਾਲੇ ਪਰਿਵਾਰ ਦੀ ਰਜਿਸਟ੍ਰੇਸ਼ਨ ਕਰੋ। ਦੂਜਾ ਇਥੇ ਆ ਕੇ 14 ਦਿਨ ਰਹਿਣ ਦੇ ਲਈ ਹੋਟਲ ਅਤੇ ਤਰੀਕ ਪਤਾ ਕਰੋ, ਤੀਜਾ ਹਵਾਈ ਟਿਕਟਾਂ ਦਾ ਵੇਰਵਾ ਭਰੋ ਚੌਥਾ ਵਾਊਚਰ ਦਾ ਪ੍ਰਿੰਟ ਕੱਢ ਕੇ ਆਪਣੇ ਕੋਲ ਰੱਖੋ ਜਾਂ ਫੋਨ ਉਤੇ ਸੁਰੱਖਿਅਤ ਕਰ ਲਓ। ਹੋਟਲ ਦਾ ਬੁਕਿੰਗ ਪਹਿਲਾਂ 48 ਘੰਟੇ ਵਾਸਤੇ ਹੋਲਡ ਰਹਿੰਦੀ ਹੈ ਜੇਕਰ ਤੁਸ ਟਿਕਟ ਪੱਕੀ ਕਰ ਲਈ ਤਾਂ ਠੀਕ ਹੈ ਨਹ ਤਾਂ ਬੁਕਿੰਗ ਕੈਂਸਿਲ ਹੋ ਸਕਦੀ ਹੈ। ਇਸ ਵੇਲੇ ਮਾਰਚ 2021 ਤੱਕ ਕੋਈ ਵੀ ਜਗ੍ਹਾ ਖਾਲੀ ਨਜ਼ਰ ਨਹ ਆ ਰਹੀ ਜਿੱਥੇ 14 ਦਿਨਾਂ ਵਾਸਤੇ ਇਥੇ ਆ ਕੇ ਠਹਿਰਿਆ ਜਾ ਸਕੇ। ਸੋ ਹੁਣ ਨਿਊਜ਼ੀਲੈਂਡ ਆਉਣ ਲਈ ਬੜੇ ਪਟੌਂਟੇ ਕਰਨੇ ਪੈ ਰਹੇ ਹਨ। ਦੁਆ ਕਰਦੇ ਹਾਂ ਕਿ ਕਰੋਨਾ ਦਾ ਖਾਤਮਾ ਹੋ ਜਾਵੇ ਅਤੇ ਦੁਨੀਆ ਦੁਬਾਰਾ ਅਸਮਾਨੀ ਉਡਾਰੀਆਂ ਲਾਵੇ ਅਤੇ ਇਹ ਰੰਗਲੀ ਦੁਨੀਆ ਹੋਰ ਖੁਸ਼ੀਆਂ-ਖੇੜਿਆਂ ਨਾਲ ਚਮਕ ਉਠੇ।

Visions of Punjab

Natasha Mahal
Co-Host
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Iqbal Mahal
Producer & Host
Serving the South Asian Community Since 1976

ukttc
UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training



ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



KAMAL SANDHU
Sales Representative
647.891.0143



RE/MAX GOLD
realtorkamalsandhu@gmail.com
www.arearealtor.com

Looking For a Nest..? Call the Best

ਬਹੁਤ ਹੀ ਸੋਹਣਾ ਤੇ ਸਾਫ ਸੁਥਰਾ 3 ਬੈਡਰੂਮ ਦਾ ਟਾਊਨਹਾਊਸ

Gorgeous End Unit Home Fully Loaded Open Concept, Absolutely Freehold, 9Ft Ceiling On Main!! Just 4 Years Old Feels Like A Semi Detached Home Built In 2016, Double Car Garage, Stainless Steel Top Of The Line Appliances, No Sidewalk, Huge Driveway Can Fit 4 Cars, Spacious Living Room With High Ceiling & Pot Lights, Master Bdrm With Ensuite 4Pc Bath, Must Visit House, Very Co-Operative Neighbourhood, House Located At New Subdivision In Very Fast Growing Area.

House For Sale



3+1 ਬੈਡਰੂਮ ਦਾ ਸੇਮੀ ਡੀਟੈਚਡ ਘਰ ਅਤੇ ਫਿਨੀਸ਼ਡ ਬੇਸਮੈਂਟ

Amazing Opportunity! Fantastic 3 Bdrms & 2 Wshrms Semi Detached House With Rec Rm In Finished Basement, High Demand Location In Springdale Brampton On Wide Street, Great Room Offers Walk-Out To Deck. Hardwood Flooring On Main Level, Laminate On 2nd Level. Master Bdrm Equipped W/Ensuite Bath. Very Good Opportunity For First Time Home Buyers Or Investors.Close To Schools, Transit, Parks. Deck At The Back With Fenced Backyard, Separate Side Door To Garage.

House For Sale



ਸ਼ਾਨਦਾਰ 3+1 ਬੈਡਰੂਮ ਡਬਲ ਸਟੋਰੀ ਟਾਊਨਹਾਊਸ ਅਤੇ ਫਿਨੀਸ਼ਡ ਬੇਸਮੈਂਟ

Amazing Chance To Own A Fabulous Lakelands Model By Rose-Haven Built Beautiful Absolutely Freehold 2 Story Townhouse With 3+1 Bdrms And 4 Wshrms, This House Has Almost 2050 Sqft Living Space, Oak Hardwood On Main Floor, Master Bdrm W/ Ensuite & Walk-In Closet, One Rec Rm, Wshrm, And Cold Cellar In The Basement Finished By The Builder. Very Well Kept House Situated At Very Nice And Quiet Location Of Northwest Brampton. Close To Mount Pleasant Go Station

House For Sale





Grand Upholstery Ltd
Sofa Company Originality in Every Piece

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ **L Shape** ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

Special on Sale

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ




Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholsery@gmail.com

ਇਤਿਹਾਸ ਦੀ ਇਕ ਝਲਕ

# ਰਾਏ ਅਜੀਜ਼ਉੱਲਾ ਖਾਂ ਤੇ ਗੰਗਾ ਸਾਗਰ



-ਪ੍ਰਿੰਸੀਪਲ ਸਰਵਣ ਸਿੰਘ ਚਕਰ-

ਰਾਏ ਅਜੀਜ਼ਉਲਾ ਖਾਂ ਨੇ ਆਪਣੇ ਪੁਰਖੇ ਰਾਏਕਿਆਂ ਦਾ ਪਿਛੋਕੜ ਜਾਣਨ ਲਈ ਲਾਹੌਰ ਤੋਂ ਲੰਡਨ ਤਕ ਦੀਆਂ ਲਾਇਬ੍ਰੇਰੀਆਂ ਛਾਣ ਮਾਰੀਆਂ ਹਨ। ਪੰਜਾਬ ਡਿਸਟ੍ਰਿਕਟ ਗਜ਼ਟੀਅਰ ਲੁਧਿਆਣਾ ਭਾਗ ਪਹਿਲੇ ਵਿਚ ਦਰਜ ਹੈ ਕਿ ਬਾਰ੍ਹਵੀਂ ਸਦੀ ਵਿਚ ਮੋਕਲ ਚੰਦ ਨਾਂ ਦਾ ਚੰਦਰਵੰਸੀ ਰਾਜਪੂਤ ਜੈਸਲਮੇਰ ਦੇ ਇਲਾਕੇ ’ਚੋਂ ਉਠ ਕੇ ਪੰਜਾਬ ਵਿਚ ਆਇਆ। ਉਸ ਦੀ ਚੌਥੀ ਪੀੜ੍ਹੀ ਦੇ ਤੁਲਸੀ ਰਾਮ ਨੇ 1323ਵਿਚ ਚਕਰ (ਸਾਡਾਪਿੰਡ)ਵਸਾਇਆ। ਫਿਰ ਉਹ ਬਹਾਵਲਪੁਰ ਦੇ ‘ਉੱਚ ਦੇ ਪੀਰ’ ਦੇ ਪ੍ਰਭਾਵ ਹੇਠ ਇਸਲਾਮ ਧਾਰਨ ਕਰ ਗਿਆ। ਉਸ ਦਾ ਨਾਂ ਸਿਰਾਜਉਦੀਨ ਉਰਫ਼ ਸ਼ੇਖ਼ ਚੱਕੂ ਰੱਖਿਆ ਗਿਆ। ਸ਼ੇਖ਼ ਚੱਕੂ ਦੀ ਸੱਤਵੀਂ ਪੀੜ੍ਹੀ ’ਚ ਰਾਏ ਕੱਲ੍ਹਾ ਪਹਿਲਾ ਹੋਇਆ ਜਿਸ ਨੂੰ ਸੁਲਤਾਨ ਅਲਾਉਦੀਨ ਗੌਰੀ ਨੇ ਰਾਏਕੋਟ ਦੇ ਆਲੇ ਦੁਆਲੇ ਦਾ ਕਾਫੀ ਸਾਰਾ ਇਲਾਕਾ ਜਗੀਰ ਵਜੋਂ ਦੇ ਕੇ ‘ਰਾਏ’ ਦਾ ਖ਼ਿਤਾਬ ਬਖਸ਼ਿਆ। ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਰਾਏ ਕੱਲ੍ਹਾ ਪਹਿਲਾ ਨੇ 1478 ਈਸਵੀ ਵਿਚ ਪਿੰਡ ਤਲਵੰਡੀ ਰਾਏ ਬੰਨ੍ਹਿਆਂ ਜਿਥੇ ਜਥੇਦਾਰ ਛਾਂਗਾ ਸਿੰਘ ਦੇ ਪੁੱਤਰ ਜਗਦੇਵ ਸਿੰਘ ਤਲਵੰਡੀ ਨੂੰ ਜ਼ਮੀਨ ਅਲਾਟ ਹੋਈ।

ਰਾਏ ਕੱਲ੍ਹਾ ਪਹਿਲਾ ਦੀ ਪੀੜ੍ਹੀ ਅੱਗੇ ਤੁਰਦੀ ਰਾਏ ਕਮਾਲਉਦੀਨ ਪਹਿਲਾ, ਰਾਏ ਅਹਿਮਦ ਜਿਸ ਨੇ 1648 ਵਿਚ ਰਾਏਕੋਟ ਬੱਧਾ, ਫਿਰ ਰਾਏ ਕਮਾਲਉਦੀਨ ਦੂਜਾ ਜਿਸ ਨੇ 1680 ਵਿਚ ਜਗਰਾਓਂ ਵਸਾਇਆ। ਅੱਗੇ ਰਾਏ ਕੱਲ੍ਹਾ ਦੂਜਾ, ਰਾਏ ਕਮਾਲਉਦੀਨ ਤੀਜਾ ਤੇ ਰਾਏ ਕੱਲ੍ਹਾ ਤੀਜਾ। ਅਗਾਂਹ ਰਾਏ ਮੁਹੰਮਦ, ਰਾਏ ਇਲੀਆਸ, ਨੂਰ-ਉਲ-ਨਿਸਾ ਰਾਣੀ ਭਾਗ ਭਰੀ, ਰਾਏ ਇਮਾਮ ਬਖ਼ਸ਼, ਰਾਏ ਫੈਜ਼ ਤਲਬ ਖਾਂ, ਰਾਏ ਇਨਾਇਤ ਖਾਂ, ਰਾਏ ਫ਼ਕੀਰਉੱਲਾ ਖਾਂ ਅਤੇ ਰਾਏ ਅਜ਼ੀਜ਼ਉੱਲਾ ਖਾਂ। ਅਜ਼ੀਜ਼ਉੱਲਾ ਖਾਂ ਦਾ ਵਾਰਸ ਹੈ ਰਾਏ ਮੁਹੰਮਦ ਅਲੀ ਖਾਂ।

ਰਾਏ ਕੱਲ੍ਹਾ ਤੀਜਾ ਉਦੋਂ ਰਾਏਕੋਟ ਰਿਆਸਤ ਦਾ ਮਾਲਕ ਸੀ ਜਦੋਂ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ’ਚੋਂ ਪੋਹ ਦੀ ਠਰੀ ਰਾਤ ਨੂੰ ਬਾਹਰ ਨਿਕਲੇ। ਉਥੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸ਼ਹੀਦ ਹੋ ਗਏ ਸਨ। ਬਾਹਰ ਗੁਰੂ ਜੀ ਨੂੰ ਗ਼ਨੀ ਖਾਂ ਤੇ ਨਬੀ ਖਾਂ ਮਿਲੇ ਜੋ ਘੋੜਿਆਂ ਦੇ ਵਪਾਰੀ ਅਤੇ ‘ਉੱਚ ਦੇ ਪੀਰ’ ਦੇ ਮੁਰੀਦ ਸਨ। ਉਹ ਅਨੰਦਪੁਰ ਸਾਹਿਬ ਘੋੜੇ ਲੈ ਕੇ ਜਾਂਦੇ ਸਨ ਜਿਸ ਕਰਕੇ ਗੁਰੂ ਜੀ ਨੂੰ ਜਾਣਦੇ ਪਛਾਣਦੇ ਸਨ। ਅਤਿ ਸੰਕਟ ਦੇ ਸਮੇਂ ਉਨ੍ਹਾਂ ਨੇ ਗੁਰੂ ਜੀ ਨੂੰ ‘ਉੱਚ ਦੇ ਪੀਰ’ ਵਾਲਾ ਵੇਸ ਪਹਿਨਾ ਕੇ ਪਲੰਘ ਉਤੇ ਬਿਠਾਇਆ ਤੇ ਫੌਜਾਂ ਦੇ ਘੇਰੇ ਵਿਚੋਂ ਲੈ ਨਿਕਲੇ। ਸੰਭਵ ਹੈ ਉਥੇ ਉਨ੍ਹਾਂ ਨੇ ਉੱਚ ਦੇ ਪੀਰ ਵਾਲਾ ਵੇਸ ਪਹਿਨਾਉਂਦਿਆਂ ਰੇਹਲ ਸਮੇਤ ਕੁਰਾਨ ਸ਼ਰੀਫ਼ ਤੇ ਲੋਟੇਨੁਮਾ ਗੰਗਾ ਸਾਗਰ ਦਿੱਤਾ ਹੋਵੇ। ਮਾਛੀਵਾੜੇ ਦੇ ਜੰਗਲਾਂ ਵਿਚੋਂ ਨਿਕਲ ਕੇ ਉਹ ਆਲਮਗੀਰ ਹੁੰਦੇ ਹੋਏ ਪਿੰਡ ਹੇਰ੍ਹਾਂ ਵਿਚ ਮਹੰਤ ਕਿਰਪਾਲ ਦਾਸ ਦੇ ਡੇਰੇ ਪੁੱਜੇ। ਉਥੋਂ ਗ਼ਨੀ ਖਾਂ ਤੇ ਨਬੀ ਖਾਂ ਨੂੰ ਕੁਰਾਨ ਸ਼ਰੀਫ਼ ਸੰਭਾਲ ਕੇ ਵਾਪਸ ਭੇਜ ਦਿੱਤਾ ਗਿਆ ਪਰਮਹੰਤ ਮੁਗ਼ਲਾਂ ਦੇ ਡਰ ਦਾ ਮਾਰਿਆ ਗੁਰੂ ਜੀ ਨੂੰ ਠਾਹਰ ਨਾ ਦੇ ਸਕਿਆ।

1705 ਦੇ ਪਹਿਲੇ ਹਫ਼ਤੇ ਗੁਰੂ ਜੀ ਰਾਏਕੋਟ ਦੀ ਜੂਹ ਵਿਚ ਪਿੰਡ ਲੰਮੇ ਪਹੁੰਚੇ। ਉਸ ਸਮੇਂ ਗੁਰੂ ਜੀ ਨੂੰ ਠਾਹਰ ਦੇਣੀ ਔਰੰਗਜ਼ੇਬ ਦੇ ਕਹਿਰ ਨੂੰ ਸੱਦਾ ਦੇਣਾ ਸੀ। ਪਰ ਆਫ਼ਰੀਨ ਉਸ ਦਲੇਰ ਮਰਦ ਰਾਏ ਕੱਲ੍ਹੇ ਦੇ, ਜੀਹਨੇ ਜ਼ਾਲਮ ਬਾਦਸ਼ਾਹ ਔਰੰਗੇ ਤੇ ਸਰਹੰਦ ਦੇ ਸੂਬੇਦਾਰ ਵਜੀਰ ਖਾਂ ਦੇ ਕਹਿਰ ਦੀ ਪਰਵਾਹ ਨਾ ਕਰਦਿਆਂ ਗੁਰੂ ਜੀ ਨੂੰ ਸ਼ਰਧਾ ਤੇ ਪ੍ਰੇਮ ਨਾਲ ਨਿਵਾਸ ਦਿੱਤਾ ਅਤੇ ਆਪਣੇ ਵਿਸ਼ਵਾਸਪਾਤਰ ਨੂਰੇ ਮਾਹੀ ਨੂੰ ਗੁਰੂ ਜੀ ਦੀ ਟਹਿਲ ਸੇਵਾ ਵਿਚ ਲਾਇਆ। ਇਹ ਰਾਏ ਖਾਨਦਾਨ ਦਾ ਅਜਿਹਾ ਸੁਭ ਕਰਮ ਸੀ ਜਿਸ ਨੂੰ ਗੁਰੂ ਦੇ ਸਿੱਖ ਕਦੇ ਵੀ ਨਹੀਂ ਭੁਲਾ ਸਕਦੇ।

ਰਾਏ ਕੱਲ੍ਹੇ ਨੂੰ ਮਿਲਣ ਤਕ ਗੁਰੂ ਜੀ ਨੂੰ ਪਤਾ ਨਹੀਂ ਸੀ ਕਿ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨਾਲ ਕੀ ਭਾਣਾ ਵਰਤਿਆ ਹੋਵੇਗਾ? ਗੁਰੂ ਜੀ ਦੇ ਕਹਿਣ ਉਤੇ ਰਾਏ ਕੱਲ੍ਹੇ ਨੇ ਆਪਣੇ ਭਰੋਸੇਯੋਗ ਨੌਕਰ ਨੂਰੇ ਮਾਹੀ ਨੂੰ ਸਰਹੰਦ ਭੇਜਿਆ ਤਾਂ ਜੋ ਗੁਰੂ ਜੀ ਦੇ ਪਰਿਵਾਰ ਦੀ ਉੱਘ ਸੁੱਘ ਮਿਲ ਸਕੇ। ਨੂਰੇ ਦੀ ਭੈਣ ਨੂਰਾਂ ਸਰਹੰਦ ਵਿਆਹੀ ਹੋਈ ਸੀ। ਉਹ ਗਿਆ ਤੇ ਮੁੜ ਕੇ ਧਾਹਾਂ ਮਾਰਦਿਆਂ ਸੁਣਾਉਣੀ ਦਿੱਤੀ। ਗੁਰੂ ਜੀ ਨਾਲ ਕਰਾਮਾਤਾਂ ਜੋੜਨ ਵਾਲਿਆਂ ਨੂੰ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਆਪਣੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਕਿਸੇ ਕਰਾਮਾਤ ਨਾਲ ਨਹੀਂ, ਨੂਰੇ ਮਾਹੀ ਰਾਹੀਂ ਮਿਲੀ ਸੀ। ਉਸ ਵੇਲੇ ਗੁਰੂ ਜੀ ਦੇ ਦਿਲ ’ਤੇ ਜੋ ਬੀਤੀ ਹੋਵੇਗੀ ਉਹਦਾ ਅੰਦਾਜ਼ਾ ਸੰਵੇਦਨਸ਼ੀਲ ਵਿਅਕਤੀ ਸਹਿਜੇ ਹੀ ਲਾ ਸਕਦੇ ਹਨ। ਗੁਰੂ ਜੀ ਤੀਰ ਨਾਲ ਦੱਭ ਦੀ ਜੜ੍ਹ ਪੁੱਟਦਿਆਂ ਬੋਲੇ ਕਿ ਜੀਹਨੇ ਇਹ ਜ਼ੁਲਮ ਕੀਤਾ ਉਹਦੀ ਜੜ੍ਹ ਵੀ ਇਸੇ ਤਰ੍ਹਾਂ ਪੁੱਟੀ ਜਾਵੇਗੀ।

ਰਾਏਕੋਟ ਤੋਂ ਵਿਦਾ ਹੁੰਦਿਆਂ ਗੁਰੂ ਜੀ ਨੇ ਰਾਏ ਕੱਲ੍ਹਾ ਦੀ ਇਨਸਾਨੀ ਹਮਦਰਦੀ, ਨਿਸ਼ਕਾਮ ਸੇਵਾ ਤੇ ਕੁਰਬਾਨੀ ਦੇ ਜਜ਼ਬੇ ਦੀ ਕਦਰ ਕਰਦਿਆਂ ਸ਼ੁਕਰਾਨੇ ਵਜੋਂ ਉਸ ਨੂੰ ਗੰਗਾ ਸਾਗਰ, ਤਲਵਾਰ ਤੇ ਰੇਹਲ ਤਿੰਨ ਵਸਤਾਂ ਪ੍ਰੇਮ ਸਹਿਤ ਦਿੱਤੀਆਂ। ਗੁਰੂ ਗੋਬਿੰਦ ਸਿੰਘ ਜੀ ਦੇ ਕਰਕਮਲਾਂ ਦੁਆਰਾ ਬਖਸ਼ੀਆਂ ਇਹ ਵਸਤਾਂ ਅਜ਼ੀਜ਼ਉੱਲਾ ਦੇ ਵਡੇਰਿਆਂ ਨੇ ਬੜੀ ਸ਼ਰਧਾ ਨਾਲ ਸੰਭਾਲ ਕੇ ਰੱਖੀਆਂ। ਫਿਰ ਵੀ ਲਕੜੀ ਦੀ ਰੇਹਲ ਸਮੇਂ ਨਾਲ ਨਸ਼ਟ ਹੋ ਗਈ ਤੇ ਤਲਵਾਰ ਅੰਗਰੇਜ਼ ਹਾਕਮਾਂ ਨੇ ਹਥਿਆ ਲਈ। ਰਾਏ ਖਾਨਦਾਨ ਪਾਸ ਗੰਗਾ ਸਾਗਰ ਹੀ ਸੁਰੱਖਿਅਤ ਰਹਿ ਸਕਿਆ ਜਿਸ ਦੀ ਉਹ ਤਿੰਨ ਸੌ ਸਾਲਾਂ ਤੋਂ ਪੀੜ੍ਹੀ ਦਰ ਪੀੜ੍ਹੀ ਸੇਵਾ ਸੰਭਾਲ ਕਰਦਾ ਆ ਰਿਹੈ। ਗੰਗਾ ਸਾਗਰ ਦੀ ਵਡਿਆਈ ਉਸ ਨੇ ਅਦਭੁੱਤ ਬਰਤਨ ਹੋਣ ਵਿਚ ਨਹੀਂ ਸਗੋਂ ਗੁਰੂ ਜੀ ਦੇ ਪਵਿਤਰ ਹੱਥਾਂ ਦੀ ਛੋਹ ਪ੍ਰਾਪਤ ਹੋਣ ਵਿਚ ਹੈ। ਕਈ ਪੀੜ੍ਹੀਆਂ ਤੋਂ ਰਾਏ ਪਰਿਵਾਰ ਇਕਲੌਤੇ ਪੁੱਤਰਾਂ ਦੇ ਰੂਪ ਵਿਚ ਹੀ ਵਿਗਸ ਰਿਹਾ ਹੈ। ਅਜ਼ੀਜ਼ਉੱਲਾ ਦੇ ਵੀ ਅੱਗੋਂ ਇਕੋ ਪੁੱਤਰ ਰਾਏ ਮੁਹੰਮਦ ਅਲੀ ਖ਼ਾਂ ਤੇ ਚਾਰ ਧੀਆਂ ਹਨ। ਚਾਰੇ ਧੀਆਂ ਵਿਆਹੁਣ ਪਿੱਛੋਂ ਜੁਲਾਈ 2019 ਵਿਚ ਅਲੀ ਖ਼ਾਂ ਦਾ ਵੀ ਵਿਆਹ ਕਰ ਦਿੱਤਾ ਹੈ। ਰਾਏ ਸਾਹਿਬ ਕਦੇ ਕੈਨੇਡਾ ਦੇ ਸ਼ਹਿਰ ਸਰੀ ਵਿਚ ਹੁੰਦੇ ਹਨ ਕਦੇ ਲਾਹੌਰ। ਅਕਸਰ ਕਹਿੰਦੇ ਹਨ, ਕਦੇ ਮੈਂ ਆਪਣੇ ਪੁਰਖਿਆਂ ਦਾ ਵਸਾਇਆਪਿੰਡ ਚਕਰ ਜ਼ਰੂਰ ਵੇਖਣ ਆਵਾਂਗਾ। ਅਸੀਂ ਵੀ ਉਨ੍ਹਾਂ ਨੂੰ ਜੀ ਆਇਆਂ ਕਹਿਣ ਲਈ ਸੁਭਾਗੇ ਸਮੇਂ ਦੀ ਉਡੀਕ ਵਿਚ ਹਾਂ।

ਰਾਏਕੋਟ ਤੋਂ ਵਿਦਾ ਹੋ ਕੇ ਗੁਰੂ ਜੀ ਲੰਮੇ ਜੱਟਪੁਰੇ ਵਿਚ ਦੀ ਮਹਿਦੇਆਣੇ ਆਏ ਤੇ ਰਾਤ ਰਾਏਕਿਆਂ ਦੇ ਪਿੰਡ ਚਕਰ ਆ ਕੱਟੀ। ਫਿਰ ਉਹ ਤਖ਼ਤੂਪੁਰੇ ਹੁੰਦੇ ਹੋਏ ਦੀਨੇ ਕਾਂਗੜ ਪੁੱਜੇ ਜਿਥੋਂ ਔਰੰਗਜੇਬ ਨੂੰ ਜ਼ਫਰਨਾਮਾ ਲਿਖਿਆ।

# ਕਿਸਾਨਾਂ ਵੱਲੋਂ ਮੋਦੀ ਨੂੰ ਔਰਗਜ਼ੇਬ ਪੁਰਸਕਾਰ ਨਾਲ ਸਨਮਾਨਿਤ ਕਰਨਾ ਚਾਹੀਦਾ ਹੈ

20 ਅਪ੍ਰੈਲ 1526 ਈਸਵੀ ਤੋਂ ਮੁਗ਼ਲਾਂ ਨੇ ਭਾਰਤ ਦੀ ਵਾਂਗ ਡੋਰ ਆਪਣੇ ਹੱਥ ਵਿੱਚ ਲੈ ਲਈ ਸੀ। ਸਭ ਤੋਂ ਪਹਿਲਾਂ ਬਾਬਰ ਬਾਦਸ਼ਾਹ ਬਣਿਆ। ਉਸ ਤੋਂ ਬਾਹਦ 1857 ਤੱਕ ਕਈਂ ਮੁਗਲ ਬਾਦਸ਼ਾਹਾਂ ਨੇ ਭਾਰਤ ਉਤੇ ਰਾਜ ਕੀਤਾ। ਜੇਕਰ ਗਿਣਤੀ ਮਿਣਤੀ ਕਰੀਏ ਤਾਂ ਲਗਭੱਗ 17 ਜਣਿਆਂ ਨੇ ਦੇਸ਼ ਉਤੇ ਰਾਜ ਕੀਤਾ। ਪਰ ਜਿਆਦਾਤਰ 5-6 ਮੁਗਲ ਰਾਜਿਆਂ ਦਾ ਨਾਂ ਹੀ ਬਹੁਤੇ ਪ੍ਰਚਲਤ ਹਨ। ਜਿਹਨਾਂ ਨੇ ਬਹੁਤੀ ਅੱਤ ਚੁੱਕੀ ਸੀ। ਬਾਬਰ, ਹਿਮਾਯੂ, ਸ਼ੇਰ ਸਾਹ ਸੂਰੀ, ਅਕਬਰ, ਜਹਾਂਗੀਰ ਤੇ ਔਰੰਗਜ਼ੇਬ ਦਾ ਨਾਂ ਆਉਂਦਾ ਹੈ। ਜਦੋ ਮੁਗਲ ਰਾਜ ਦਾ ਅੰਤ ਹੋਇਆ ਉਹ ਆਖਰੀ ਨਾਂ ਬਹਾਦਰ ਸਾਹ ਜ਼ਫ਼ਰ ਦਾ ਆਉਂਦਾ ਹੈ । ਜਿਸ ਨੂੰ ਅੰਗਰੇਜ਼ਾਂ ਨੇ ਰੰਗੂਨ ਜੇਲ ਵਿੱਚ ਸੁੱਟ ਦਿੱਤਾ ਸੀ। ਉਹ ਉਥੇ ਹੀ ਜੇਲ ਦੀਆਂ ਸੀਖਾਂ ਪਿੱਛੇ ਸੜ ਕੇ ਮਰ ਗਿਆ। ਬੇਸ਼ਕ ਮੁਗ਼ਲ ਰਾਜ ਵਿੱਚ ਹਿੰਦੁਸਤਾਨੀਆਂ ਨੇ ਬਹੁਤ ਦੁੱਖ ਝੱਲੇ। ਮੁਗਲ ਨੇ ਬਹੁਤ ਲੋਕਾਂ ਨੂੰ ਪਰੇਸ਼ਾਨ ਕੀਤਾ। ਧੀਆਂ ਭੈਣਾਂ ਤੇ ਰੱਜ ਕੇ ਮੁਗਲਾਂ ਵਲੋਂ ਅਤਿਆਚਾਰ ਕੀਤਾ ਜਾਂਦਾ ਰਿਹਾ। ਇਸ ਮਾਮਲੇ ਵਿੱਚ ਸਭ ਤੋਂ ਜਿਆਦਾ ਅੱਤ ਔਰੰਗਜ਼ੇਬ ਨੇ ਚੁੱਕੀ ਸੀ। ਹਿੰਦੂ ਧਰਮ ਨੂੰ ਖ਼ਤਮ ਕਰਨ ਦੀ ਕਸਮ ਖਾ ਚੁੱਕਾ ਸੀ। ਸਵਾ ਸਵਾ ਮਣ ਜਨੇਊ ਉਤਾਰ ਕੇ ਰੋਟੀ ਖਾਂਦਾ ਸੀ। ਹੱਦ ਉਸ ਸਮੇ ਟੱਪ ਗਈ ਜਦੋ ਨਿੱਕਿਆ - ਨਿੱਕਿਆ ਸਾਹਿਬਜ਼ਾਦਿਆਂ ਨੂੰ ਜਿੰਦਾ ਨੀਹਾਂ ਵਿੱਚ ਖਲਿਆਰ ਕੇ ਸ਼ਹੀਦ ਕਰ ਦਿੱਤਾ। ਉਸ ਸਮੇ ਪੋਹ ਦੇ ਮਹੀਨੇ ਠੰਡ ਵਿੱਚ ਜਿਹੜ੍ਹੇ ਤਸੀਹੇ ਗੁਰੂ ਦੇ ਸਿੱਖਾਂ ਤੇ ਗੁਰੂ ਜੀ ਦੇ ਪਰਿਵਾਰ ਨੇ ਝੱਲੇ। ਉਹ ਕਦੇ ਵੀ ਸਿੱਖ ਜਗਤ ਨਹੀਂ ਭੁੱਲ ਸਕਦਾ। ਹੁਣ ਉਹੀਓ ਪੋਹ ਦਾ ਮਹੀਨਾ ਦਿੱਲੀ ਦੀਆਂ ਠੰਡੀਆਂ ਸੜਕਾਂ .ਨਿੱਕੇ ਨਿੱਕੇ ਬੱਚੇ, ਬਜ਼ੁਰਗ ਮਾਤਾਵਾਂ, ਭੈਣਾਂ, ਨੌਜਵਾਨ , ਕਿਸਾਨ, ਕੀਰਤੀ, ਮਜ਼ਦੂਰ, ਮਿਹਨਤਕਸ਼ ਪੜ੍ਹਿਆ ਲਿਖਿਆ ਤਬਕਾ, ਕਲਾਕਾਰ, ਵਪਾਰੀ ,ਡਾਕਟਰ, ਵਕੀਲ ਗਲ ਕੀ ਕਿ ਕੋਈ ਵੀ ਇਹੋ ਜਿਹਾ ਮਹਿਕਮਾ ਜਾ ਇਨਸਾਨ ਨਹੀਂ ਹੋਵੇਗਾ ਜੋ ਸਿਧੇ ਜਾਂ ਅਸਿੱਧੇ ਤੌਰ ਤੇ ਕਿਸਾਨ ਅੰਦੋਲਨ ਵਿੱਚ ਹਿਸਾ ਨਾ ਲੈ ਰਿਹਾ ਹੋਵੇਗਾ। ਕੱਕਰ, ਪਾਲਾ ਖੁਲ੍ਹਾ ਅਸਮਾਨ ਠੰਡੀਆਂ ਹਵਾਵਾਂ ਸਭ ਨੂੰ ਆਪਣੇ ਪਿੰਡੇ ਤੇ ਹੰਢਾ ਰਹੇ ਹਨ। ਬੜੇ ਸਬਰ ਨਾਲ ਮੋਦੀ ਦੇ ਜ਼ਬਰ ਦਾ ਮੁਕਾਬਲਾ ਕਰ ਰਹੇ ਹਨ। ਕਿਸੇ ਨੂੰ ਕੋਈ ਪ੍ਰਵਾਹ ਨਹੀਂ, ਭਾਵੇਂ ਕੋਈ ਸਾਥੀ ਉਹਨਾਂ ਵਿੱਚੋ ਇਸ ਦੁਨੀਆਂ ਨੂੰ ਅਲਵਿਦਾ ਵੀ ਕਹਿ ਜਾ ਰਹੇ ਹਨ .ਪਰ ਹੌਸਲੇ ਜੀਉ ਦੀ ਤਿਉਂ ਬੁਲੰਦ ਹਨ। ਇੱਕੋ ਇੱਕ ਮਿਸ਼ਨ ਕਿ ਅਸੀਂ ਮੋਦੀ ਵਲੋਂ ਪਾਸ ਕੀਤੇ ਤਿੰਨੋ ਕਾਲੇ ਕਨੂੰਨ ਰੱਦ ਕਰਕੇ ਹੀ ਵਾਪਿਸ ਮੁੜਾਂਗੇ। ਪਰ ਮੋਦੀ ਆਪਣੀ ਔਰੰਗਜ਼ੇਬ ਵਾਲੀ ਜਿੱਦ ਤੇ ਅੜ੍ਹਿਆ ਹੋਇਆ ਹੈ .ਉਹ ਚਾਉਂਦਾ ਹੈ ਕਿ ਮੈਨੂੰ ਬਹੁਤ ਅਵਾਰਡ ਮਿਲ ਚੁੱਕੇ ਹਨ। ਹੁਣ ਮੈ ਕਿਸਾਨਾਂ ਦੇ ਫਾਇਦੇ ਦੇ ਕਨੂੰਨ ਲੈ ਕੇ ਆਇਆ ਹਾਂ। ਇਸ ਦਾ ਅਵਾਰਡ ਤਾਂ ਮੈਨੂੰ ਮਿਲਣਾ ਚਾਹੀਦਾ ਹੈ। ਕਿਉਂਕਿ ਔਰੰਗਜ਼ੇਬ ਨੇ ਤਾਂ ਇੱਕ ਦੋ ਵਰਨਾਂ ਦੇ ਲੋਕਾਂ ਤੇ ਅਤਿਆਚਾਰ ਕੀਤਾ ਸੀ। ਮੈਂ ਤਾਂ ਕਿਸੇ ਨੂੰ ਵੀ ਨਹੀਂ ਬਖਸ਼ਿਆ। ਅੱਜ ਕਿਸਾਨ ਕੋਈ ਇਕਲੇ ਕਿਸੇ ਇਕ ਸੂਬੇ ਜਾਂ ਇਕ ਧਰਮ ਦੇ ਤਾਂ ਨਹੀਂ ਹਨ। ਵੱਖ ਵੱਖ ਸੂਬਿਆਂ ਤੋਂ ਵੱਖ ਵੱਖ ਧਰਮਾਂ ਦੇ ਧਰਨਿਆਂ ’ਤੇ ਬੈਠੇ ਹਨ। ਮਜ਼ਦੂਰ ਕੀਰਤੀ ਹਰ ਤਬਕੇ ਦੇ ਲੋਕ ਮੇਰੇ ਤੋਂ ਦੁਖੀ ਹਨ ਪਰ ਮੈਨੂੰ ਕਿਸੇ ਦੀ ਕੋਈ ਪ੍ਰਵਾਹ ਨਹੀਂ। ਕੋਈ ਮਰੇ ਕੋਈ ਜੀਵੇ ਸੁਥਰਾ ਖੋਲ ਪਤਾਸੇ ਪੀਵ। ਮੈਨੂੰ ਤਾਂ ਅਵਾਰਡ ਮਿਲਨੇ ਚਾਹੀਦੇ ਨੇ ਉਹ ਵੀ ਵਿਸ਼ਵ ਪੱਧਰ ਦੇ। ਕਿਸਾਨਾਂ ਨੂੰ ਚਾਹੀਦਾ ਹੈ ਕਿ ਹੁਣ ਇਕੱਠੇ ਹੋ ਕਿ ਪ੍ਰਧਾਨ ਮੰਤਰੀ ਜੀ ਨੂੰ ਔਰੰਗਜ਼ੇਬ ਪੁਰਸਕਾਰ ਨਾਲ



ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ (ਫਿਰੋਜ਼ਪੁਰ)

ਨਿਵਾਜ਼ ਦੇਣ। ਅਗਰ ਇਸ ਵਿੱਚ ਹੀ ਖੁਸ਼ ਹੋ ਕੇ ਅਵਾਮ ਦਾ ਭਲਾ ਕਰ ਦੇਵੇ।

# ਅਨੇਕਾਂ ਚੁਣੌਤੀਆਂ ਦੀ ਨਿਸ਼ਾਨਦੇਹੀ ਕਰਵਾ ਗਿਆ 2020



ਹਰਕੀਰਤ ਕੌਰ ਸਭਰਾ

ਅਕਸਰ ਕਿਹਾ ਜਾਂਦਾ ਹੈ ਕਿ ਅਤੀਤ ਵਿਚੋਂ ਵਰਤਮਾਨ ਅਤੇ ਵਰਤਮਾਨ ਵਿਚੋਂ ਭਵਿੱਖ ਦਾ ਜਨਮ ਹੁੰਦਾ ਹੈ। ਇਸ ਦਾ ਅਰਥ ਇਹ ਹੈ ਕਿ ਬੀਤੇ ਹੋਏ ਸਮੇਂ ਵਿੱਚ ਰਾਜਨੀਤਕ ਅਤੇ ਹੋਰ ਖੇਤਰਾਂ ਵਿੱਚ ਜੋ ਘਟਨਾਕ੍ਰਮ ਵਾਪਰਿਆ ਹੈ, ਉਸ ਨੇ ਹੀ ਅਜੋਕੀਆਂ ਸਥਿਤੀਆਂ ਨੂੰ ਜਨਮ ਦਿੱਤਾ ਹੈ ਅਤੇ ਜੋ ਕੁਝ ਵਰਤਮਾਨ ਵਿੱਚ ਵਾਪਰੇਗਾ, ਉਹ ਭਵਿੱਖ ਦੇ ਘਟਨਾਕ੍ਰਮਾਂ ਨੂੰ ਪ੍ਰਭਾਵਿਤ ਕਰੇਗਾ।

ਇਸ ਸੰਦਰਭ ਵਿੱਚ ਹੀ ਸਾਨੂੰ ਇਹ ਦੇਖਣਾ ਪਵੇਗਾ ਕਿ 2020 ਦੌਰਾਨ ਦੇਸ਼ ਵਿੱਚ ਕੀ ਕੁਝ ਵਾਪਰਿਆ ਹੈ ਅਤੇ ਇਹ 2021 ਨੂੰ ਕਿਵੇਂ ਪ੍ਰਭਾਵਿਤ ਕਰੇਗਾ। 2020 ਦੀ ਸ਼ੁਰੂਆਤ ਤੋਂ ਹੀ ਕਰੌਨਾ ਦਾ ਅਜਿਹਾ ਖੌਫ਼ ਪਿਆ ਕਿ ਕੁਦਰਤ ਨੇ ਹਰ ਇੱਕ ਮਨੁੱਖ ਪ੍ਰਾਣੀ ਨੂੰ ਘਰਾਂ ਵਿੱਚ ਕੈਦ ਕਰ ਦਿੱਤਾ। ਇਸ ਸਾਰੇ ਮਹਾਮਾਰੀ ਕਾਲ ਦੇ ਦੌਰਾਨ ਹਰ ਵਰਗ ਨੂੰ ਆਰਥਿਕ ਪੱਖੋਂ ਬਹੁਤ ਵੱਡਾ ਘਾਟਾ ਪਿਆ। ਕਾਰਖਾਨੇ, ਫੈਕਟਰੀਆਂ ਆਦਿ ਬੰਦ ਹੋਣ ਕਾਰਣ ਉਤਪਾਦਨ ਦਾ ਸਾਰਾ ਕੰਮ ਰੁਕ ਗਿਆ ਜਿਸ ਦਾ ਸਿੱਧਾ ਅਸਰ ਵਪਾਰ ਉੱਪਰ ਪਿਆ ਅਤੇ ਵਪਾਰ ਦੇ ਪ੍ਰਭਾਵਿਤ ਹੋਣ ਦੇ ਨਾਲ ਹੀ ਦੇਸ਼ ਦੀ ਅਰਥ ਵਿਵਸਥਾ ਪ੍ਰਭਾਵਿਤ ਹੋਈ। ਇਸ ਤੋਂ ਇਲਾਵਾ ਇਹ ਸਾਲ ਕਿਸਾਨਾਂ ਲਈ ਸਭ ਤੋਂ ਵੱਧ ਮੰਦਭਾਗਾ ਰਿਹਾ। ਜਿੱਥੇ ਕਰੌਨਾ ਦੇ ਚੱਲਦਿਆਂ ਸਬਜ਼ੀਆਂ ਦੀ ਖੇਤੀ ਕਰਨ ਵਾਲੇ ਕਿਸਾਨਾਂ ਦੀਆਂ ਫਸਲਾਂ ਖੇਤਾਂ ਵਿੱਚ ਰੁਲੀਆ ਉੱਥੇ ਭਾਰਤ ਸਰਕਾਰ ਦੁਆਰਾ ਪਾਸ ਕੀਤੇ ਖੇਤੀਬਾੜੀ ਬਿੱਲ ਜਖਮਾਂ ਤੇ ਲੂਣ ਪਾਉਣ ਦੇ ਬਰਾਬਰ ਸਨ। ਨਵੇਂ ਖੇਤੀ ਬਿੱਲਾਂ ਦਾ ਪੂਰੇ ਦੇਸ਼ ਵਿੱਚ ਵਿਰੋਧ ਕੀਤਾ ਗਿਆ ਪਰ 2020 ਦੌਰਾਨ ਕੰਨਾਂ ਤੋਂ ਬਹਿਰੀ ਹੋਈ ਸਰਕਾਰ ਨੂੰ ਧਰਨਿਆਂ ਵਿੱਚ ਲੱਗ ਰਹੇ ਕਿਸਾਨ ਏਕਤਾ ਦੇ ਨਾਅਰੇ ਨਹੀਂ ਸੁਣੇ। ਵੱਡੇ ਉਦਯੋਗਪਤੀਆਂ ਦੇ ਹੱਥੋਂ ਵਿਕ ਚੁੱਕੀਆਂ ਸਰਕਾਰਾਂ ਨੇ ਆਮ ਨਾਗਰਿਕਾਂ ਲਈ ਬਹੁਤ ਸਾਰੀਆਂ ਚਣੌਤੀਆਂ ਖੜੀਆਂ ਕੀਤੀਆਂ ਹਨ। ਇਸ ਸਰਕਾਰ ਦਾ ਇਹ ਵਰਤਾਰਾ ਕੋਈ ਨਵਾਂ ਨਹੀਂ ਹੈ 2014 ਵਿੱਚ ਬਿਨਾ ਕਿਸੇ ਜਾਣਕਾਰੀ ਅਤੇ ਤਿਆਰੀ ਤੋਂ ਨੋਟਬੰਦੀ ਕਰਨਾ, 2019 ਵਿੱਚ ਲੋਕ ਸਭਾ ਚੋਣਾਂ ਸਮੇਂ ਪੁਲਵਾਮਾ ਵਿੱਚ ਹੋਏ ਅੱਤਵਾਦੀ ਹਮਲੇ ਦੇ ਅਧਾਰ ਤੇ ਪਾਕਿਸਤਾਨ ਵਿਰੁੱਧ ਧੂੰਆਂ ਧਾਰ ਪ੍ਰਚਾਰ ਕਰਕੇ ਅਤੇ ਦੇਸ਼ ਵਿੱਚ ਅੰਧ ਰਾਸ਼ਟਰਵਾਦ ਦੀਆਂ ਭਾਵਨਾਵਾਂ ਭੜਕਾ ਕੇ ਅਤੇ ਲੋਕਾਂ ਦੇ ਸਿਹਤ, ਸਿੱਖਿਆ ਅਤੇ ਰੁਜਗਾਰ ਵਰਗੇ ਮੁੱਦਿਆਂ ਨੂੰ ਪ੍ਰਚਾਰ ਦੀ ਧੂੜ ਹੇਠ ਛੁਪਾ ਕੇ ਭਾਰਤੀ ਜਨਤਾ ਪਾਰਟੀ ਲੋਕ ਸਭਾ ਚੋਣਾਂ ਜਿੱਤਣ ਵਿੱਚ ਕਾਮਯਾਬ ਰਹੀ। ਇਸ ਨਾਲ ਨਰਿੰਦਰ ਮੋਦੀ ਦੇ ਹੌਸਲੇ ਹੋਰ ਵੱਧ ਗਏ ਨਾਗਰਿਕਤਾ ਸੋਧ ਬਿੱਲ ਪਾਸ ਕਰਵਾਉਣ ਲਈ ਸਰਗਰਮ ਹੋ ਗਏ। ਇਸੇ ਰੀਤ ਦੇ ਚੱਲਦਿਆਂ 2020 ਵਿੱਚ ਪਾਸ ਕੀਤੇ ਖੇਤੀ ਬਿੱਲਾਂ ਨੇ ਲੋਕਾਂ ਦੇ ਮਨਾਂ ਵਿੱਚ ਵੱਡੇ ਪੱਧਰ ਤੇ ਬੇਚੈਨੀ ਫੈਲਾ ਦਿੱਤੀ। ਇਸ ਫੈਸਲੇ ਬਾਅਦ ਪੂਰੇ ਦੇਸ਼ ਵਿਚ ਜੋ ਵਿਦਰੋਹ ਸਰਗਰਮ ਹੋਇਆ, ਉਹ ਕੇਵਲ ਖੇਤੀ ਕਾਨੂੰਨਾ ਕਾਰਨ ਹੀ ਨਹੀਂ ਹੋਇਆ ਬਲਕਿ ਨਰਿੰਦਰ ਮੋਦੀ ਦੀ ਕਾਰਗੁਜ਼ਾਰੀ ਵਿਰੁੱਧ ਸਮੁੱਚਾ ਪ੍ਰੀਵਰਤਨ ਹੈ।ਭਾਵੇਂ ਆਮ ਲੋਕਾਂ ਨੂੰ ਪਰਚਾਉਣ ਲਈ ਨਰਿੰਦਰ ਮੋਦੀ ਮਨ ਕੀ ਬਾਤ ਵਿੱਚ ਨਿੱਤ ਵਿਰੋਧੀ ਧਿਰਾਂ ਦੇ ਮੱਥੇ ਇਲਜਾਮ ਮੜਦੇ ਹਨ , ਪਰ ਜਨਤਾ ਸਰਕਾਰ ਦੀਆਂ ਨੀਤੀਆਂ ਤੋਂ ਚੰਗੀ ਤਰ੍ਹਾਂ ਵਾਕਿਫ਼ ਹੋ ਚੁੱਕੀ ਹੈ। ਬਿਨਾ ਕਿਸੇ ਵਿਤਕਰੇ ਦੇ ਇੱਕ ਹੋਏ ਭਾਰਤ ਦੀ ਅਵਾਜ਼ ਹੇਠਾਂ ਨਰਿੰਦਰ ਮੋਦੀ ਹਿੱਕ ਠੋਕਵੀ ਅਵਾਜ਼ ਫਿੱਕੀ ਪੈ ਰਹੀ ਹੈ। 2020 ਵਿੱਚ ਹੋਏ ਇਹਨਾਂ ਘਟਨਾਕ੍ਰਮਾਂ ਨੇ ਸਰਕਾਰਾਂ ਦਾ ਅਸਲੀ ਚਿਹਰਾ ਬੇਨਕਾਬ ਕੀਤਾ ਹੈ। ਸਾਡੇ ਲੋਕ ਜਾਗੇ, ਇਹ ਇੱਕ ਵੱਖਰੀ ਗੱਲ ਹੈ ਪਰ ਸਰਕਾਰ ਦੀਆਂ ਜਿੱਦਾਂ ਨੇ ਕਿਸਾਨ ਭਾਈਚਾਰੇ ਲਈ ਬਹੁਤ ਸਾਰੀਆਂ ਚਣੌਤੀਆਂ ਵੀ ਖੜੀਆਂ ਕੀਤੀਆਂ ਹਨ। ਪੋਹ ਦੀਆਂ ਠੰਡੀਆਂ ਸਰਦ ਰਾਤਾਂ ਕਿਸਾਨ ਰਾਜਧਾਨੀ ਦੀਆਂ ਸੜਕਾਂ ਉੱਤੇ ਬਿਤਾ ਰਹੇ ਹਨ। ਪਿੱਛੇ ਫਸਲਾਂ ਦੀ ਸੰਭਾਲ ਦੀ ਜਿੰਮੇਵਾਰੀ ਵੀ ਸੁਆਣੀਆਂ ਦੇ ਹੱਥ ਦੇ ਧਰਨੇ ਵਿੱਚ ਬੈਠੇ ਕਿਸਾਨ ਮੋਦੀ ਦੇ ਫੈਸਲੇ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ।

ਇਹਨਾਂ ਘਟਨਾਕ੍ਰਮਾਂ ਨੇ ਰਾਜਨੀਤੀ ਉੱਪਰ ਗਹਿਰਾ ਅਸਰ ਪਾਇਆ ਹੈ। ਜਿਹੜੇ ਰਾਜਨੇਤਾਵਾਂ ਨੂੰ ਆਪਣੇ ਪਿੰਡਾਂ ਵਿੱਚ ਜਾਂ ਘਰਾਂ ਵਿੱਚ ਸੱਦ ਕੇ, ਉਹਨਾਂ ਨਾਲ ਫੋਟੋਆਂ ਕਰਵਾ ਅਸੀਂ ਮਾਣ ਮਹਿਸੂਸ ਕਰਦੇ ਸਾਂ ਅੱਜ ਉਹੀ ਪਾਰਟੀ ਨੇਤਾਵਾਂ ਨੂੰ ਕਿਸਾਨਾਂ ਦੇ ਮੰਚ ਉੱਤੇ ਬੋਲਣ ਦਾ ਮੌਕਾ ਤੱਕ ਨਹੀਂ ਮਿਲਿਆ। ਇਸ ਸਭ ਨੇ ਆਉਣ ਵਾਲੀਆਂ ਵੋਟਾਂ ਵਿੱਚ ਰਾਜਨੀਤਕ ਪਾਰਟੀਆਂ ਲਈ ਬਹੁਤ ਸਾਰੀਆਂ ਚਣੌਤੀਆਂ ਖੜੀਆਂ ਕੀਤੀਆਂ ਹਨ। ਕਿਸੇ ਵੀ ਰਾਜਨੀਤਕ ਪਾਰਟੀ ਦੁਆਰਾ ਮੋਹਰੀ ਹੋਕੇ ਕਿਸਾਨਾਂ ਦਾ ਸਾਥ ਨਹੀਂ ਦਿੱਤਾ ਗਿਆ। ਅੰਦੋਲਨ ਦੇ ਭਖਣ ਤੋਂ ਬਾਅਦ ਹਰ ਪਾਰਟੀ ਵੱਲੋਂ ਕਿਸਾਨ ਹਿਤੈਸ਼ੀ ਹੋਣ ਦਾ ਨਾਟਕ ਕਰਨ ਦਾ ਯਤਨ ਕੀਤਾ ਗਿਆ ਜੋ ਕਿਸਾਨਾਂ ਦੁਆਰਾ ਭੰਡਿਆ ਗਿਆ। ਸੋ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ 2020 ਨੇ ਜਿੱਥੇ ਕਿਸਾਨਾਂ ਲਈ ਬਹੁਤ ਸਾਰੇ ਇਮਤਿਹਾਨ ਝੋਲੀ ਪਾਏ, ਉੱਥੇ ਰਾਜਨੇਤਾਵਾਂ ਨੂੰ ਇਸ ਗੱਲ ਦਾ ਅਹਿਸਾਸ ਦਵਾਇਆ ਕਿ ਜਨਤਾ ਤੋਂ ਬਿਨਾਂ ਕਿਸੇ ਰਾਜੇ ਜਾਂ ਮੰਤਰੀ ਦਾ ਕੋਈ ਵਜੂਦ ਨਹੀਂ ਹੈ......

# ਕੁਰਬਾਨੀ ਬਿਰਥੀ ਕਦੀ ਨਾ ਜਾਵੇ

-ਪੂਰਨ ਸਿੰਘ ਪਾਂਧੀ



ਸਿੱਖ ਇਤਹਾਸ ਵਿੱਚ ਦਸੰਬਰ 20 ਤੋਂ 27 ਤੱਕ ਦਾ ਇੱਕ ਹਫਤਾ ਲਹੂ ਭਿੱਜੀਆਂ ਲਾਸਾਨੀ ਕੁਰਬਾਨੀਆਂ ਤੇ ਅਦੁੱਤੀ ਸ਼ਹਾਦਤਾਂ ਦਾ ਹਫਤਾ ਮੰਨਿਆਂ ਜਾਂਦਾ ਹੈ। ਇਸ ਨੂੰ ਸ਼ਹੀਦੀ ਸਾਤਾ ਆਖਿਆ ਜਾਂਦਾ ਹੈ। 20 ਦਸੰਬਰ ਨੂੰ ਅਨੰਦਪੁਰ ਛੱਡਣਾ, 21 ਦਸੰਬਰ ਨੂੰ ਸਰਸਾ ਨਦੀ ਉੱਤੇ ਭਿਆਨਕ ਜੰਗ, ਗੁਰੂ ਜੀ ਦੇ ਪਰਵਾਰ ਦਾ ਖੇਰੂੰ ਖੇਰੂੰ ਹੋਣਾ, 22 ਦਸੰਬਰ ਨੂੰ ਚਮਕੌਰ ਦੀ ਗੜ੍ਹੀ ਵਿੱਚ ਵੱਡੇ ਸਾਹਿਬਜ਼ਾਦੇ, ਅਜੀਤ ਸਿੰਘ ਤੇ ਜੁਝਾਰ ਸਿੰਘ ਦੀ ਸ਼ਹੀਦੀ, 23 ਤੋਂ 26 ਤੱਕ ਚਾਰ ਦਿਨ ਛੋਟੇ ਸਹਿਬਜ਼ਾਦੇ ਜੋਰਾਵਰ ਸਿੰਘ ਤੇ ਫਤੇਹ ਸਿੰਘ ਨੂੰ ਸਰਹੰਦ ਦੇ ਹਾਕਮਾ ਵੱਲੋਂ ਤਰ੍ਹਾਂ ਤਰ੍ਹਾਂ ਦੇ ਤਸੀਹੇ, ਡਰਾਵੇ ਤੇ ਲਾਲਚ, ਅੰਤ 27 ਦਸੰਬਰ 1704 ਨੂੰ ਨੀਹਾਂ ਵਿੱਚ ਚਿਣ ਦਿੱਤੇ ਤੇ ਸ਼ਹੀਦ ਕੀਤੇ ਗਏ।

11 ਨਵੰਬਰ 1675 ਦੇ ਦਿਨ ਗੁਰੂ ਗੋਬਿੰਦ ਸਿੰਘ ਜੀ ਦੀ ਕੇਵਲ 9 ਸਾਲ ਦੀ ਕਿਸ਼ੋਰ ਉਮਰ ਸੀ; ਜਦੋਂ ਵਕਤ ਦੇ ਜਰਵਾਣਿਆਂ ਨੇ ਗੁਰੂ ਜੀ ਦੇ ਪਿਤਾ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਨੂੰ ਦਿੱਲੀ ਵਿੱਚ ਸ਼ਹੀਦ ਕਰ ਦਿੱਤਾ। ਭਾਈ ਜੈਤਾ ਗੁਰੂ ਜੀ ਦਾ ਸੀਸ ਲੈ ਕੇ ਅਨੰਦਪੁਰ ਪੁੱਜਾ। ਸੰਸਾਰ ਦੀ ਹਿਸਟਰੀ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੇ ਧੜ ਦਾ ਸਸਕਾਰ ਕਿਸੇ ਹੋਰ ਥਾਂ ਦਿੱਲੀ ਵਿੱਚ ਅਤੇ ਸੀਸ ਦਾ ਕਿਸੇ ਹੋਰ ਥਾਂ ਅਨੰਦਪੁਰ ਹੋਇਆ ਹੋਵੇ।

ਉਦੋਂ ਤੋਂ ਹੀ ਬਾਲ ਗੋਬਿੰਦ ਰਾਇ ਜੀ ਦੇ ਅੰਦਰ ਇੱਕ ਵੱਖਰੀ ਤੇ ਨਿਆਰੀ ਕੌਮ ਦੀ ਸਿਰਜਣਾ ਦਾ ਸੰਕਲਪ ਸੀ। ਨੌਂ ਸਾਲ ਤੋਂ ਆਪਣੀ ਸਾਰੀ ਆਯੂ 42 ਵਿੱਚੋਂ ਕੇਵਲ 33 ਸਾਲਾਂ ਵਿੱਚ ਆਪ ਜੀ ਨੇ ਸਿੱਖ ਜੱਥੇਬੰਦੀ ਮਜ਼ਬੂਤ ਕਰਨ, ਸਿੱਖਾਂ ਵਿੱਚ ਸੂਰਬੀਰਤਾ ਭਰਨ, ਸ਼ਿਕਾਰ ਖੇਡਣ, ਨਗਾਰੇ ਵਜਾਉਣ ਅਤੇ ਕਿਲੇ ਬਨਾਉਣ ਉੱਤੇ ਜ਼ੋਰ ਦਿੱਤਾ।

ਆਪ ਜੀ ਨੇ ਸਮੇਂ ਦੀ ਲੋੜ ਮੁਤਾਬਕ, ਜੰਗੀ ਦ੍ਰਿਸ਼ਟੀਕੋਨ ਤੋਂ ਪੰਜ ਕਿਲਿਆਂ ਦੀ ਉਸਾਰੀ ਕੀਤੀ: ਲੋਹਗੜ੍ਹ, ਹੋਲਗੜ੍ਹ, ਫਤੇਹਗੜ੍ਹ, ਅਨੰਦਗੜ੍ਹ ਤੇ ਕੇਸਗੜ੍ਹ। ਗੁਰੂ ਸਾਹਿਬਾਂ ਦੇ ਸਮੇਂ ਅਨੰਦਪੁਰ ਠੀਕ ਅਰਥਾਂ ਵਿੱਚ ਅਨੰਦ ਤੇ ਆਤਮਕ ਖੁਸ਼ੀ ਦਾ ਸੋਮਾ ਸੀ। ਸੂਰਮਿਆਂ, ਸਾਹਿਤਕਾਰਾਂ ਤੇ ਸੰਗੀਤਕਾਰਾਂ ਦਾ ਅਨੰਦਪੁਰ ਗੜ੍ਹ ਬਣ ਗਿਆ। ਗੁਰੂ ਜੀ ਦੇ ਦਰਬਾਰ ਵਿੱਚ ਕਵੀਆਂ ਦੀ ਗਿਣਤੀ 52 ਤੱਕ ਮੰਨੀ ਜਾਂਦੀ ਹੈ। ਹੋਲੀ ਤੋਂ ਹੋਲਾ ਮਹੱਲਾ ਦੀ ਰੀਤ ਤੋਰੀ। ਇੱਕ ਪਾਸੇ ਜੰਗਾਂ ਯੁੱਧਾਂ ਲਈ ਸਿੱਖਾਂ ਵਿੱਚ ਜੁਝਾਰੂ ਸਪਿਰਟ ਭਰੀ ਜਾ ਰਹੀ ਸੀ, ਰਣਜੀਤ ਨਗਾਰੇ ਵੱਜ ਰਹੇ ਸਨ। ਦੂਜੇ ਪਾਸੇ ਗੁਰਬਾਣੀ ਤੇ ਸੰਗੀਤ ਦੀਆਂ ਧੁਨਾਂ ਦੀ ਗੁੰਜਾਰ ਸੀ, ਸਾਹਿਤ ਰਚਿਆ ਜਾ ਰਿਹਾ ਸੀ। ਹਰ ਪੱਖ ਤੋਂ ਨਵੇਂ, ਨਰੋਏ ਤੇ ਸਮਰੱਥ ਮਨੁੱਖ ਦਾ ਮਾਡਲ ਤਿਆਰ ਹੋ ਰਿਹਾ ਸੀ।

ਇਸ ਸੰਕਲਪ ਨੂੰ ਸਾਕਾਰ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਨੂੰ ਕੇਸ ਗੜ੍ਹ (ਅਨੰਦਪੁਰ) ਦੇ ਸਥਾਨ ’ਤੇ ਖਾਲਸੇ ਦੀ ਸਿਰਜਣਾ ਕੀਤੀ। ਇਹ ਇੱਕ ਇਨਕਲਾਬੀ ਜੱਥੇਬੰਦੀ ਸੀ; ਜਿਸ ਦਾ ਰੂਪ ਸਰੂਪ, ਰਹਿਤ ਬਹਿਤ, ਪੁਸ਼ਾਕ ਤੇ ਬਾਹਰੀ ਦਿੱਖ ਸੰਸਾਰ ਦੀਆਂ ਹੋਰ ਕੌਮਾਂ ਤੋਂ ਅਨੋਖੀ ਤੇ ਨਿਆਰੀ ਸੀ। ਗੁਰੂ ਜੀ ਨੇ ਅੰਮ੍ਰਿਤ ਛਕਾਉਣ ਦੀ ਰਸਮ ਅਰੰਭ ਕੀਤੀ। ਹਰ ਸਿੱਖ ਦੇ ਨਾਂ ਨਾਲ਼ ‘ਸਿੰਘ’ ਅਤੇ ਹਰ ਸਿੱਖਣੀ ਦੇ ਨਾਂ ਨਾਲ਼ ‘ਕੌਰ’ ਲਾਉਣ ਦੀ ਰੀਤ ਤੋਰੀ। ਹਿੰਦੂਆਂ ਵਾਲੀਆਂ ਰੀਤਾਂ ਰਸਮਾਂ ਤੇ ਜਾਤਾ ਪਾਤਾਂ ਖਤਮ ਕੀਤੀਆਂ। ਸਭ ਨੂੰ ਇੱਕੋ ਬਾਟੇ ਵਿੱਚ ਅੰਮ੍ਰਿਤ ਛਕਣ, ਇੱਕੋ ਥਾਂ ਉੱਤੇ ਇੱਕੋ ਜਿਹਾ ਲੰਗਰ ਛਕਣ ਅਤੇ ਸਭ ਨੂੰ ਭਾਈ ਭਾਈ ਹੋਣ ਦਾ ਸੰਦੇਸ਼ ਦਿੱਤਾ। ਗੁਰੂ ਗੋਬਿੰਦ ਸਿੰਘ ਦੇ ਸਿੱਖਾਂ, ਉਸ ਦੇ ਪਰਵਾਰ ਤੇ ਮਿਸ਼ਨ ਨੂੰ ਤਹਿਸ਼ ਨਹਿਸ਼ ਕਰਨ ਲਈ ਮੁਗਲ ਫੌਜਾਂ ਨੇ ਹਮਲਾ ਕਰ ਦਿੱਤਾ ਅਤੇ ਅਨੰਦਪੁਰ ਦੇ ਕਿਲੇ ਨੂੰ ਘੇਰਾ ਪਾ ਲਿਆ। ਆਖਿਆ ਜਾਂਦਾ ਹੈ ਕਿ ਇਹ ਘੇਰਾ 7 ਮਹੀਨੇ ਤੱਕ ਲਗਾਤਾਰ ਰਿਹਾ। ਅੰਦਰ ਖੁਰਾਕ ਦੀ ਤੋਟ ਆਉਣ ਲੱਗੀ। ਭੁੱਖੇ ਭਾਣੇ ਕਿੰਨਾਂ ਕੁ ਚਿਰ ਮੁਕਾਬਲਾ ਕਰਦੇ? ਆਖਰ ਮੁਗਲਾਂ ਤੇ ਹਿੰਦੂ ਰਾਜਿਆਂ ਦੀਆਂ ਕਸਮਾਂ ਉੱਤੇ ਇਤਬਾਰ ਕਰ ਕੇ 20 ਦਸੰਬਰ 1704 ਨੂੰ ਗੁਰੂ ਜੀ ਨੇ ਆਪਣਾ ਪਿਆਰਾ ਅਨੰਦਪੁਰ ਛਡ ਦਿੱਤਾ। ਛੱਡ ਤਾਂ ਦਿੱਤਾ ਪਰ ਹਿੰਦੂ ਰਾਜਿਆਂ ਤੇ ਮੁਗਲਾਂ ਦੀਆਂ ਕਸਮਾਂ, ਭਰੋਸੇ ਤੇ ਇਤਬਾਰ ਝੂਠੇ ਨਿਕਲੇ। ਬਾਹਰ ਨਿਕਲਦਿਆਂ ਹੀ ਸ਼ਾਹੀ ਫੌਜਾਂ ਨੇ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕਿਨਾਰੇ ਭਿਆਨਕ ਜੰਗ ਹੋਈ। ਬੇਅੰਤ ਸਿੰਘ ਸ਼ਹੀਦ ਹੋਏ। ਪਰਵਾਰ ਖੇਰੂੰ ਖੇਰੂੰ ਹੋ ਗਿਆ।

ਗੁਰੂ ਜੀ ਲੜਦੇ ਹੋਏ 40 ਸਿੰਘਾਂ ਤੇ ਦੋ ਵੱਡੇ ਸਾਹਿਬਜ਼ਾਦਿਆਂ ਸਮੇਤ ਚਮਕੌਰ ਪਹੁੰਚੇ। ਉੱਥੇ ਵੀ ਇੱਕ ਕੱਚੀ ਗੜ੍ਹੀ ਵਿੱਚ ਫਿਰ ਘਿਰ ਗਏ। ਗੜ੍ਹੀ ਵਿੱਚ ਘਿਰੇ ਭੁੱਖੇ ਭਾਣੇ 40 ਸਿੰਘਾਂ ਨੇ ਮੁਗਲ ਫੌਜਾਂ ਦਾ ਟਾਕਰਾ ਕੀਤਾ। ਸੰਸਾਰ ਦੀ ਸਭ ਤੋਂ ਭਿਆਨਕ ਤੇ ਅਸਾਵੀਂ ਚਮਕੌਰ ਦੀ ਇਸ ਜੰਗ ਵਿੱਚ 40 ਸਿੰਘ ਤੇ ਦੋਨੋ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਸ਼ਹੀਦ ਹੋਏ। ਪਰ ਗੁਰੂ ਜੀ ਇੱਥੋਂ ਸਹੀ ਸਲਾਮਤ ਨਿਲਕਣ ਵਿੱਚ ਕਾਮਯਾਬ ਹੋ ਗਏ ਅਤੇ ਮਾਛੀਵਾੜੇ ਪਹੁੰਚ ਗਏ। ਇੱਥੋਂ ਉੱਚ ਦਾ ਪੀਰ ਬਣ ਕੇ ਦੀਨੇ ਕਾਂਗੜ ਗਏ। ਇੱਥੇ ਫਾਰਸੀ ਵਿੱਚ ਜ਼ਫਰਨਾਮਾ (ਫਤੇਹ ਦੀ ਚਿੱਠੀ) ਲਿਖ ਕੇ ਔਰੰਗਜ਼ੇਬ ਨੂੰ ਭੇਜਿਆ। ਇੱਥੋਂ ਗੁਰੂ ਜੀ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਗਏ। ਇੱਥੇ ਗੁਰੂ ਜੀ 9 ਮਹੀਨੇ ਤੋਂ ਵੱਧ ਸਮਾਂ ਰਹੇ। ਦਮਦਮਾ ਸਾਹਿਬ ਨੂੰ ਸਾਹਿਤ, ਸੰਗੀਤ ਤੇ ਕਲਾ ਦਾ ਘਰ ਬਣਾਇਆ। ਇੱਥੇ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਨੌਵੇਂ ਪਾਤਸ਼ਾਹ ਦੀ ਬਾਣੀ ਚੜ੍ਹਾਈ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਵਰਤਮਾਨ ਸਰੂਪ ਦਿੱਤਾ।

ਉੱਧਰ ਛੋਟੇ ਸਾਹਿਬਜ਼ਾਦੇ ਜੋਰਾਵਰ ਸਿੰਘ, ਫਤੇਹ ਸਿੰਘ ਅਤੇ ਮਾਤਾ ਗੁਜਰੀ ਜੀ ਨੂੰ ਗੁਰੂ ਜੀ ਦਾ ਰਸੋਈਆ ਗੰਗੂ ਰਾਮ ਆਪਣੇ ਪਿੰਡ ਸਹੇਰੀ ਲੈ ਗਿਆ ਸੀ। ਉਸ ਨੇ ਮਾਤਾ ਜੀ ਦਾ ਧਨ ਤੇ ਗਹਿਣੇ ਹੜੱਪ ਲਏ ਅਤੇ ਮਾਤਾ ਜੀ ਤੇ ਸਾਹਿਬਜ਼ਾਦੇ ਮੁਗਲਾਂ ਦੇ ਹਵਾਲੇ ਕਰ ਦਿੱਤੇ। ਸਰਹਿੰਦ ਦੇ ਸੂਬੇਦਾਰ ਵਜੀਰ ਖਾਨ ਨੇ ਸਖਤ ਠੰਢ ਵਿੱਚ ਠੰਡੇ ਬੁਰਜ ਵਿੱਚ ਰੱਖ ਕੇ ਤਸੀਹੇ ਦਿੱਤੇ। ਅੰਤ 27 ਦਸੰਬਰ 1704 ਨੂੰ ਸਾਹਿਬਜ਼ਾਦੇ ਬੜੀ ਬੇਦਰਦੀ ਨਾਲ਼ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤੇ। ਉਦੋਂ ਇਨ੍ਹਾਂ ਦੀ ਉਮਰ 6 ਸਾਲ ਤੇ 8 ਸਾਲ ਸੀ। ਇਸ ਭਿਆਨਕ ਸਦਮੇ ਨੂੰ ਉਸਦਾ ਭਾਣਾ ਮੰਨਦੇ ਹੋਏ ਮਾਤਾ ਜੀ ਵੀ ਉੱਥੇ ਹੀ ਸੁਰਗਵਾਸ ਹੋ ਗਏ।

ਇਸ ਪਿੱਛੋਂ ਗੁਰੂ ਜੀ ਨੇ ਕਈ ਵੱਡੇ ਫੈਸਲੇ ਕੀਤੇ:

1. ਮਸੰਦਾਂ ਦੀਆਂ ਆਚਰਣਕ ਗਿਰਾਵਟਾਂ ਦੇਖ ਕੇ ਚੌਥੇ ਗੁਰੂ ਰਾਮਦਾਸ ਜੀ ਦੀ ਅਰੰਭ ਕੀਤੀ ਮਸੰਦ ਪਰਨਾਲੀ ਖਤਮ ਕੀਤੀ।
2. ਵਿਅਕਤੀ ਗੁਰਤਾ ਸਮਾਪਤ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰ ਗੱਦੀ ਬਖਸ਼ੀ ਅਤੇ ਪੰਥ ਨੂੰ ਸਦਾ ਲਈ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ।
3. ਬਾਬਾ ਬੰਦਾ ਸਿੰਘ ਬਹਾਦਰ ਨੂੰ ਮੁਗਲ ਸਾਮਰਾਜ ਨਾਲ਼ ਟੱਕਰ ਲੈਣ ਅਤੇ ਸਿੱਖ ਰਾਜ ਦੀ ਨੀਂਹ ਰੱਖਣ ਲਈ ਥਾਪੜਾ ਦਿੱਤਾ ਅਤੇ ਪੰਜਾਬ ਨੂੰ ਰਵਾਨਾ ਕੀਤਾ। ਬੰਦਾ ਸਿੰਘ ਬਹਾਦਰ ਦੀਆਂ ਲਾਸਾਨੀ ਜਿੱਤਾਂ, ਪ੍ਰਾਪਤੀਆਂ ਤੇ ਅਦੁੱਤੀ ਕੁਰਬਾਨੀਆਂ ਦਾ ਬੇਹੱਦ ਸਿਰੜ, ਸਿਦਕ ਤੇ ਦਰਦ ਭਰਿਆ ਵੱਖਰਾ ਕਾਂਡ ਹੈ।

7 ਅਕਤੂਬਰ 1708 ਨੂੰ ਨਾਦੇੜ ਦੇ ਸਥਾਨ ਉੱਤੇ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾਉਣ ਪਿੱਛੋਂ 18ਵੀਂ ਸਦੀ ਸਿੱਖ ਕੌਮ ਦੀ ਸਾੜ੍ਹਸਤੀ ਦੀ ਸਦੀ ਹੈ। ਇਸ ਵਿੱਚ ਦੋ ਵੱਡੇ ਘੱਲੂਘਾਰੇ ਹੋਏ, ਹਜ਼ਾਰਾਂ ਸਿੰਘ ਸਿੰਘਣੀਆਂ ਸ਼ਹੀਦ ਹੋਏ। ਪੂਰੀ ਕੌਮ ਘਰੋਂ ਬੇਘਰ ਹੋ ਗਈ। ਪਰ ਆਣ ਅਣਖ ਤੇ ਸਿਰੜ, ਸਿਦਕ ਦੇ ਨਗਾਰੇ ਵਜਦੇ ਰਹੇ, ਕੇਸਰੀ ਨਿਸ਼ਾਨ ਝੂਲਦੇ ਰਹੇ। ਇਨ੍ਹਾਂ ਕੁਰਬਾਨੀਆਂ ਸਦਕਾ ਹੀ ਇਸੇ 18ਵੀਂ ਸਦੀ ਦੇ ਅੰਤ ਤੱਕ ਸਿੱਖ ਰਾਜ ਸਥਾਪਤ ਹੋ ਸਕਿਆ।

ਇਤਿਹਾਸ ਦੇ ਤਿੰਨ ਸੌ ਸਾਲਾਂ ਪਿੱਛੋਂ ਅੱਜ ਫੇਰ ਪੂਰੀ ਕੌਮ ਇੱਕ ਜੁਝਾਰੂ ਪ੍ਰੀਖਿਆ ਵਿਚੋਂ ਲੰਘ ਰਹੀ ਹੈ। ਉਹੋ ਹੀ ਦਸੰਬਰ ਦਾ ਮਹੀਨਾ, ਪੋਹ ਦੀਆਂ ਠੰਢੀਆਂ ਰਾਤਾਂ ਹਨ। ਦਿੱਲੀ ਦੀਆਂ ਸੜਕਾਂ ’ਤੇ ਕਿਰਤੀਆਂ ਦਾ ਟਰਾਲੀਆਂ ਵਿੱਚ ਰੈਣ ਬਸੇਰਾ ਹੈ। ਪਰ ਸਮੇਂ ਨਾਲ਼ ਇਸ ਦਾ ਰੂਪ ਸਰੂਪ ਬਦਲੇ ਹੋਏ ਰੰਗ ਵਿੱਚ ਹੈ। ਅੱਜ ਜਾਤਾਂ, ਗੋਤਾਂ, ਬੋਲੀ, ਪਹਿਰਾਵਿਆਂ ਤੇ ਭਿੰਨ ਭਿੰਨ ਸਭਿਆਚਾਰਾਂ ਦੇ ਵਿਤਕਰਿਆਂ ਦੇ ਬੰਧਨ ਤੋੜ ਕੇ, ਸਾਰੇ ਵਰਗ, ਸਾਰੀਆਂ ਮਾਈਆਂ ਬੀਬੀਆਂ, ਸਾਰੇ ਕਿਸਾਨ ਭਾਈ ਭਾਈ ਬਣ ਕੇ, ਇੱਕ ਮੰਚ ਉੱਤੇ ਇਕੱਤਰ ਹੋ ਕੇ ਸਾਂਝੇ ਕਾਜ ਲਈ ਸੰਘਰਸ਼ ਵਿੱਚ ਕੁੱਦੇ ਹੋਏ ਹਨ। ਦਿੱਲੀ ਦੇ ਇਕਹਿਰੀ ਸੋਚ ਵਾਲ਼ੇ ਔਰੰਗਜ਼ੇਬੀ ਹਾਕਮਾਂ ਨਾਲ ਅੱਜ ਫੇਰ ਟੱਕਰ ਹੈ। ਜੋਸ਼ ਤੇ ਜ਼ਜਬਾ ਸਾਂਝਾ ਹੈ, ਨਿਸ਼ਾਨਾ ਇੱਕੋ ਹੈ ‘ਨਾ ਧੱਕਾ ਕਰਨੈ, ਨਾ ਧੱਕਾ ਸਹਿਣੈ। ਕਿਸੇ ਦੀ ਅਜ਼ਾਦੀ ਤੇ ਹੱਕ ਮਾਰਨਾ ਨਹੀਂ , ਆਪਣੀ ਅਜ਼ਾਦੀ ਤੇ ਹੱਕ ਖੋਹਣ ਨਹੀਂ ਦੇਣੇ, ਭੈ ਕਾਹੂੰ ਕੋ ਦੇਤ ਨਹਿ, ਨਹਿ ਭੈ ਮਾਨਤ ਆਨ। ਦਿੱਲੀ ਦੀ ਸਰਕਾਰ ਦੇ ਕਿਸਾਨ ਵਿਰੋਧੀ ਬਣਾਏ ਕਾਨੂੰਨ ਕਿਸੇ ਵੀ ਢੰਗ ਨਾਲ਼ ਲਾਗੂ ਨਹੀਂ ਹੋਣ ਦੇਣੇ, ਲਾਗੂ ਨਹੀਂ ਹੋਣ ਦੇਣੇ। ਦਿੱਲੀ ਘੇਰੀ ਹੋਈ ਹੈ। ਕੁਰਬਾਨੀਆਂ ਘੱਟ ਜਾਂ ਵੱਧ ਹੋ ਸਕਦੀਆਂ ਹਨ ਅਖੀਰ ਜਿੱਤ ਸੱਚ ਦੀ ਹੀ ਹੋਵੇਗੀ। ਸੱਚ ਦੇ ਰਾਹ ਉੱਤੇ ਚੱਲ ਰਹੇ ਕਿਸਾਨਾਂ ਦੀ ਹੋਵੇਗੀ। ਇਹ ਅੱਜ ਦੇ ਸਮਿਆਂ ਦਾ ਯਕੀਨ ਹੈ। ਇਹ ਬੀਤੇ ਕੱਲ੍ਹ ਦੇ ਇਤਿਹਾਸ ਦੇ ਪੰਨੇ ਪੰਨੇ, ਸਤਰ ਸਤਰ ਤੇ ਲਿਖਿਆ ਯਕੀਨ ਹੈ। ਕਿਰਤੀਓ ਡਟੇ ਰਹੋ। ਹਉਮੇਂ ਦੇ ਕਿੰਗਰੇ ਢਹਿ ਕੇ ਰਹਿਣਗੇ, ਢਹਿ ਕੇ ਰਹਿਣਗੇ, ਢਹਿ ਕੇ ਹੀ ਰਹਿਣਗੇ।

# ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ

ਹਰਕੀਰਤ ਕੌਰ ਸਭਰਾ

ਮਨੁੱਖੀ ਅਧਿਕਾਰ ਕਿਸੇ ਵਿਅਕਤੀ ਦੀ ਉਹ ਮੁੱਢਲੇ ਅਧਿਕਾਰ ਹਨ ਜਿਸ ਨਾਲ ਕਿਸੇ ਵੀ ਮਨੁੱਖ ਨਾਲ ਨਸਲ, ਜਾਤ, ਧਰਮ, ਲਿੰਗ ਆਦਿ ਕਿਸੇ ਵੀ ਅਧਾਰ ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ ਹੈ। ਸਾਰੇ ਮਨੁੱਖ ਬਰਾਬਰ ਅਤੇ ਅਧਿਕਾਰਾਂ ਦੇ ਨਾਲ ਸੁਤੰਤਰ ਰੂਪ ਨਾਲ ਜਨਮੇ ਹਨ। ਵਿਸ਼ਵ ਪੱਧਰ ਤੇ ਮਨੁੱਖੀ ਅਧਿਕਾਰਾਂ ਵਿੱਚ ਜਿਊਣ ਦਾ ਅਧਿਕਾਰ, ਅਜ਼ਾਦੀ ਦਾ ਅਧਿਕਾਰ, ਵਿਚਾਰ ਪ੍ਰਗਟਾਉਣ ਦਾ ਅਧਿਕਾਰ, ਜਾਇਦਾਦ ਰੱਖਣ ਦਾ ਅਧਿਕਾਰ, ਸਮਾਜਿਕ - ਆਰਥਿਕ ਅਧਿਕਾਰ ਆਦਿ ਸ਼ਾਮਿਲ ਹਨ। ਅੱਜ ਦੁਨੀਆਂ ਦੀ ਵੱਡੀ ਅਬਾਦੀ ਸਮਾਜਿਕ ਨਾਬਰਾਬਰੀ ਵਿੱਚ ਪਿਸਗਾਹ ਰਹੀ ਹੈ। ਅਜਿਹਾ ਇਸ ਲਈ ਨਹੀਂ ਹੈ ਕਿ ਲੋਕਾਂ ਨੂੰ ਆਪਣੇ ਮਨੁੱਖੀ ਅਧਿਕਾਰਾਂ ਬਾਰੇ ਪਤਾ ਨਹੀਂ ਬਲਕਿ ਸਮਾਜ ਵਿੱਚ ਫੈਲੀ ਨਾਬਰਾਬਰੀ ਦਾ ਕਾਰਣ ਸਰਕਾਰਾਂ ਦਾ ਖੁਦ ਇਸ ਵਿਸ਼ੇ ਤੇ ਜਨਤਾ ਨੂੰ ਗੁੰਮ-ਰਾਹ ਕਰਨਾ ਅਤੇ ਉਚਿੱਤ ਕਦਮ ਨਾ ਚੁੱਕਣਾ ਹੈ। ਭਾਰਤ ਜੋ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਮੰਨਿਆ ਜਾਂਦਾ ਹੈ। ਇੱਥੇ ਹਰ ਇੱਕ ਨਾਗਰਿਕ ਨੂੰ ਮੌਲਿਕ ਅਧਿਕਾਰਾਂ ਦੇ ਰੂਪ ਵਿੱਚ ਬਹੁਤ ਸਾਰੇ ਹੱਕ ਦਿੱਤੇ ਹਨ । ਸਾਡੇ ਸੰਵਿਧਾਨ ਵਿੱਚ ਲਿਖਿਆ ਹੋਇਆ ਹੈ ਕਿ ਜੇਕਰ ਕਿਸੇ ਵਿਅਕਤੀ ਦੇ ਮੌਲਿਕ ਅਧਿਕਾਰਾਂ ਦਾ ਘਾਣ ਹੁੰਦਾ ਹੈ ਤਾਂ ਉਹ ਕਾਨੂੰਨ ਦਾ ਸਹਾਰਾ ਲੈ ਸਕਦਾ ਹੈ। ਭਾਰਤੀ ਸੰਵਿਧਾਨ ਹਰੇਕ ਭਾਰਤੀ ਨਾਗਰਿਕ ਨੂੰ ਬਰਬਰਤਾ, ਸੁਤੰਤਰਤਾ, ਸ਼ੋਸਣ - ਵਿਰੋਧ, ਧਾਰਮਿਕ ਸੁਤੰਤਰਤਾ ਪ੍ਰਦਾਨ ਕਰਦਾ ਹੈ। ਪਰ ਹਕੀਕਤ ਵਿੱਚ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦਾ ਆਨੰਦ ਸਿਰਫ ਕੁਝ ਵਰਗ ਅਤੇ ਲੋਕ ਹੀ ਮਾਣ ਰਹੇ ਹਨ, ਜਿੰਨਾ ਵਿੱਚ ਰਾਜਨੇਤਾ ਸ਼ਾਮਿਲ ਹਨ ਜਾਂ ਵੱਡੇ ਵਪਾਰੀ। ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਬਹੁਤੀ ਚੰਗੀ ਨਹੀਂ ਕਹੀ ਜਾ ਸਕਦੀ। ਜੇਕਰ ਸ਼ੋਸ਼ਣ ਦੀ ਗੱਲ ਕੀਤੀ ਜਾਵੇ ਤਾਂ ਭਾਰਤ ਵਿੱਚ ਔਰਤਾਂ ਬਹੁਤ ਸਾਰੇ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਦੀਆਂ ਨਿੱਤ ਸ਼ਿਕਾਰ ਹੁੰਦੀਆਂ ਹਨ। ਇਸ ਤੋਂ ਇਲਾਵਾ ਭਾਰਤ ਵਿੱਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਸਭ ਤੋਂ ਵੱਡੀ ਉਦਹਾਰਣ ਦਿੱਲੀ ਵਿੱਚ ਕੜਾਕੇ ਦੀ ਠੰਡ ਵਿੱਚ ਤੜਪ ਰਹੇ ਕਿਸਾਨ ਵੀਰ ਹਨ। ਆਪਣੇ ਹੱਕ ਲੈਣੇ ਜਿੱਥੇ ਭਾਰਤੀ ਨਾਗਰਿਕਾਂ ਦਾ ਸੰਵਿਧਾਨਕ ਅਧਿਕਾਰ ਹੈ ਉੱਥੇ ਲੋਕਾਂ ਨੂੰ ਆਪਣੇ ਹੀ ਬਣਦੇ ਹੱਕਾਂ ਲਈ ਲਾਠੀਆਂ ਖਾਣੀਆਂ ਪਈਆਂ। ਇਸੇ ਸੰਵਿਧਾਨ ਦੇ ਅਧਾਰ ਤੇ ਦੇਸ਼ ਨੂੰ ਚਲਾਉਣ ਵਾਲੀਆਂ ਸਰਕਾਰਾਂ ਨੂੰ ਲੋਕਾਂ ਦੇ ਦਰਦ ਅਤੇ ਲੋਕਾਂ ਪ੍ਰਤੀ ਬਣਦੀ ਸਰਕਾਰਾਂ ਦੀ ਜੁੰਮਿਵਾਰੀ ਦਾ ਬਿਲਕੁਲ ਅਹਿਸਾਸ ਨਹੀਂ ਹੈ। ਪੂਰੇ ਦੇਸ਼ ਦਾ ਪੇਟ ਪਾਲਣ ਵਾਲਾ ਅੰਨਦਾਤਾ ਆਪਣੇ ਹੱਕਾਂ ਲਈ ਠੰਡ ਵਿੱਚ ਸੀਤ ਪਾਣੀ ਦੀਆਂ ਬੁਛਾੜਾਂ ਸਹਿ ਰਿਹਾ ਹੈ। ਮਨੁੱਖੀ ਅਧਿਕਾਰਾਂ ਤੋਂ ਵਾਂਝੇ ਦੇਸ਼ ਆਪਣੇ ਆਪ ਨੂੰ ਲੋਕ ਰਾਜ ਜਾਂ ਜਮਹੂਰੀ ਦੇਸ਼ ਨਹੀਂ ਅਖਵਾ ਸਕਦੇ। ਸਰਕਾਰ ਨੂੰ ਇਸ ਪ੍ਰਤੀ ਗੰਭੀਰਤਾ ਨਾਲ ਸੋਚਣ ਅਤੇ ਕੰਮ ਕਰਨ ਦੀ ਜ਼ਰੂਰਤ ਹੈ ਅਤੇ ਇਸ ਲਈ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਜੁੰਮਿਵਾਰ ਅਧਿਕਾਰੀਆਂ ਅਤੇ ਸੰਸਥਾਵਾਂ ਨੂੰ ਨਿਰਪੱਖਤਾ ਨਾਲ ਕੰਮ ਕਰਨਾ ਪਵੇਗਾ ਤਾਂ ਜੋ ਦੇਸ਼ ਵਿੱਚ ਹਰ ਵਿਅਕਤੀ ਦੇ ਮੁੱਢਲੇ ਮਨੁੱਖੀ ਅਧਿਕਾਰ ਸੁਰੱਖਿਅਤ ਰਹਿ ਸਕਣ।

ਇਤਰਾਜ਼ਯੋਗ ਟਿੱਪਣੀ ਦਾ ਮਾਮਲਾ:

## ਆਮ ਆਦਮੀ ਪਾਰਟੀ ਦੇ ਆਗੂ ਵੱਲੋਂ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੂੰ ਕਾਨੂੰਨੀ ਨੋਟਿਸ

ਅੰਮ੍ਰਿਤਸਰ, 4 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕਰਦੇ ਕਿਸਾਨਾਂ ਖਿਲਾਫ ਭਾਜਪਾ ਆਗੂਆਂ ਤੇ ਮੰਤਰੀਆਂ ਵੱਲੋਂ ਇਤਰਾਜ਼ਯੋਗ ਸ਼ਬਦ ਵਰਤੇ ਜਾਣ 'ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਕਿਸਾਨ ਕੁਲਦੀਪ ਸਿੰਘ ਧਾਲੀਵਾਲ ਨੇ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ।



ਕੁਲਦੀਫ ਸਿੰਘ ਧਾਲੀਵਾਲ ਨੇ ਆਖਿਆ ਕਿ ਕੇਂਦਰ ਵੱਲੋਂ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਦਾ ਪੰਜਾਬ, ਹਰਿਆਣਾ, ਰਾਜਸਥਾਨ, ਉਤਰ ਪ੍ਰਦੇਸ਼ ਅਤੇ ਹੋਰ ਰਾਜਾਂ ਦੇ ਕਿਸਾਨਾਂ ਵੱਲੋਂ ਨਿਰੰਤਰ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਇੱਕ ਮਹੀਨੇ ਤੋਂ ਵੱਧ ਸਮੇਂ ਤੋਂ ਦਿੱਲੀ ਦੇ ਬਾਰਡਰਾਂ 'ਤੇ ਕਿਸਾਨਾਂ ਨੇ ਧਰਨਾ ਲਾ ਰੱਖਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ 12 ਦਸੰਬਰ ਨੂੰ ਕਿਹਾ ਸੀ ਕਿ ਕਿਸਾਨ ਅੰਦੋਲਨ ਵਿੱਚ ਕਿਸਾਨੀ ਹਿੱਤਾਂ ਦੀ ਗੱਲ ਨਹੀਂ ਹੋ ਰਹੀ ਅਤੇ ਇਸ ਵਿੱਚ ਵਿਦੇਸ਼ੀ ਤਾਕਤਾਂ ਦਾਖਲ ਹੋ ਰਹੀਆਂ ਹਨ। ਉਨ੍ਹਾਂ ਨੇ ਖਾਲਿਸਤਾਨ ਅਤੇ ਸ਼ਰਜੀਲ ਇਮਾਮ ਦੇ ਪੋਸਟਰ ਲਾਏ ਜਾਣ ਦੀ ਗੱਲ ਵੀ ਆਖੀ ਸੀ। ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਇਸ ਬਿਆਨ ਨਾਲ ਉਨ੍ਹਾਂ ਸਮੇਤ ਕਈ ਕਿਸਾਨਾਂ ਦੇ ਮਨਾਂ ਨੂੰ ਠੇਸ ਪੁੱਜੀ ਹੈ, ਇਸ ਲਈ ਕੇਂਦਰੀ ਮੰਤਰੀ ਗਿਰੀਰਾਜ ਨੂੰ ਕਾਨੂੰਨੀ ਨੋਟਿਸ ਭੇਜ ਕੇ ਸੱਤਾਂ ਦਿਨਾਂ ਵਿੱਚ ਆਪਣਾ ਬਿਆਨ ਵਾਪਸ ਲੈਣ ਅਤੇ ਅੰਦੋਲਨ ਕਰਦੇ ਕਿਸਾਨਾਂ ਤੋਂ ਬਿਨਾਂ ਸ਼ਰਤ ਮੁਆਫੀ ਮੰਗਣ ਨੂੰ ਕਿਹਾ ਗਿਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਕੇਂਦਰੀ ਮੰਤਰੀ ਨੇ ਇਸ ਨੋਟਿਸ 'ਤੇ ਅਮਲ ਨਾ ਕੀਤਾ ਤਾਂ ਉਹ ਅਦਾਲਤ ਦਾ ਦਰਵਾਜ਼ਾ ਖੜਕਾਉਣਗੇ।

## ਰਿਲਾਇੰਸ ਫਰੈਸ਼ ਸਟੋਰ ਵਿੱਚ ਘਟੀਆ ਘਿਓ ਵੇਚਣ ਕਾਰਨ ਮੈਨੇਜਰ ਦੇ ਵਿਰੁੱਧ ਕਾਰਵਾਈ

* ਪੰਜ ਲੱਖ ਰੁਪਏ ਦਾ ਜੁਰਮਾਨਾ ਲਾਇਆ ਗਿਆ

ਜਲੰਧਰ, 4 ਜਨਵਰੀ (ਪੋਸਟ ਬਿਊਰੋ)- ਇੱਕ 18 ਮਹੀਨੇ ਪੁਰਾਣੇ ਕੇਸ ਵਿੱਚ ਜ਼ਿਲ੍ਹਾ ਜਲੰਧਰ ਦੇ ਪ੍ਰਸ਼ਾਸਨ ਨੇ ਰਿਲਾਇੰਸ ਫਰੈਸ਼ ਸਟੋਰ ਨੂੰ ਝਟਕਾ ਦਿੱਤਾ ਤੇ ਮਿਸ-ਬ੍ਰਾਂਡਿੰਗ (ਮਾਪਦੰਡਾਂ ਦੀ ਅਣਦੇਖੀ) ਕਰ ਕੇ ਵੇਚੇ ਜਾਂਦੇ ਘਿਓ ਦੀ ਸ਼ਿਕਾਇਤ ਦੀ ਜਾਂਚ ਪਿੱਛੋਂ ਪੰਜ ਲੱਖ ਰੁਪਏ ਜੁਰਮਾਨਾ ਠੋਕਿਆ ਹੈ। ਏ ਡੀ ਸੀ ਜਸਬੀਰ ਸਿੰਘ ਦੀ ਅਦਾਲਤ ਨੇ ਰਿਲਾਇੰਸ 'ਤੇ ਭਵਿੱਖ ਵਿੱਚ ਫੂਡ ਐਂਡ ਸੇਫਟੀ ਦੇ ਨਿਯਮਾਂ ਦੇ ਪਾਲਣ ਦੀ ਅਣਦੇਖੀ ਕਰਨ 'ਤੇ ਸਖਤ ਕਾਰਵਾਈ ਦੇ ਹੁਕਮ ਦਿੱਤੇ ਹਨ।

ਵਰਨਣ ਯੋਗ ਹੈ ਕਿ ਮਈ 2019 ਵਿੱਚ ਰਵਿੰਦਰ ਕੁਮਾਰ ਅਤੇ ਅਸ਼ਵਨੀ ਕੁਮਾਰ ਨੇ ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਪਿਮਸ) ਦੇ ਸਾਹਮਣੇ ਵਾਲੇ ਰਿਲਾਇੰਸ ਸਟੋਰ ਤੋਂ ਜੁਆਏ ਕੰਪਨੀ ਦੇ ਘਿਓ ਇੱਕ ਕਿਲੋ ਦੇ ਚਾਰ ਪੈਕੇਟ ਲਏ, ਪਰ ਬਾਅਦ ਵਿੱਚ ਪੈਕੇਟ ਦੇਖੇ ਤਾਂ ਇਸ ਦਾ ਰੰਗ ਅਜੀਬ ਜਿਹਾ ਅਤੇ ਪੈਕੇਟ ਵਿੱਚ ਮੈਨੂਫੈਕਚਰਿੰਗ ਤਰੀਕ ਵੀ ਸਾਫ ਨਹੀਂ ਸੀ। ਇਸ ਦੇ ਇਲਾਵਾ ਪੈਕੇਟ ਦੀ ਪੈਕਿੰਗ ਦੀਆਂ ਕਈ



ਕਮੀਆਂ ਵੀ ਮਿਲੀਆਂ। ਇਸ ਬਾਰੇ ਦੋਵਾਂ ਨੇ ਫੂਡ ਸੇਫਟੀ ਐਂਡ ਸਪਲਾਈ ਡਿਪਾਰਟਮੈਂਟ ਨੂੰ ਸ਼ਿਕਾਇਤ ਕੀਤੀ ਤਾਂ ਇਸ ਦੇ ਬਾਅਦ ਓਥੇ ਗਏ ਡਿਪਾਰਟਮੈਂਟ ਦੇ ਅਧਿਕਾਰੀ ਪੈਕੇਟ ਆਪਣੇ ਨਾਲ ਲੈ ਗਏ ਅਤੇ ਉਸ ਦੀ ਜਾਂਚ ਕਰਾਉਣ ਲਈ ਚੰਡੀਗੜ੍ਹ ਭੇਜ ਦਿੱਤਾ ਸੀ।

ਲੰਬੇ ਸਮਾਂ ਸੁਣਵਾਈ ਏ ਡੀ ਸੀ ਕੋਰਟ ਵਿੱਚ ਚੱਲਦੀ ਰਹੀ ਸੀ, ਕਰੀਬ 18 ਮਹੀਨੇ ਬਾਅਦ ਏ ਡੀ ਸੀ ਕੋਰਟ ਨੇਫੈਸਲਾ ਦਿੱਤਾ ਕਿ ਜੁਆਏ ਕੰਪਨੀ ਦਾ ਘਿਓ ਇੱਕ ਵੀ ਮਾਪਦੰਡ 'ਤੇ ਖਰਾ ਨਹੀਂ ਉਤਰਿਆ ਤੇ ਸਬੰਧਤ ਕੰਪਨੀ ਨੇ ਅਜਿਹਾ ਕੋਈ ਸਬੂਤ ਨਹੀਂ ਦਿਖਾਇਆ, ਜੋ ਸ਼ਿਕਾਇਤਕਰਤਾ ਦੇ ਦੋਸ਼ਾਂ ਨੂੰ ਗਲਤ ਸਾਬਤ ਕਰ ਸਕੇ। ਇਸ ਦੇ ਕਾਰਨ ਕੋਰਟ ਨੇ ਪੰਜ ਲੱਖ ਰੁਪਏ ਦਾ ਜੁਰਮਾਨਾ ਰਿਲਾਇੰਸ ਸਟੋਰ ਦੇ ਮੈਨੇਜਰ ਭੁਪਿੰਦਰ 'ਤੇ ਲਗਾਇਆ ਹੈ।

## ਨਗਰ ਕੌਂਸਲ ਦੀ ਲਾਪਰਵਾਹੀ ਕਾਰਨ 27 ਸਾਲਾ ਗੱਭਰੂ ਦੀ ਮੌਤ



ਲਹਿਰਾਗਾਗਾ, 4 ਜਨਵਰੀ (ਪੋਸਟ ਬਿਊਰੋ)- ਨਗਰ ਕੌਂਸਲ ਲਹਿਰਾਗਾਗਾ ਦੀ ਲਾਪਰਵਾਹੀ ਦੇ ਕਾਰਨ ਚਾਰ ਭੈਣਾਂ ਦੇ ਇਕਲੌਤੇ ਭਰਾ ਦੀ ਮੌਤ ਹੋਣ ਦੀ ਖਬਰ ਮਿਲੀ ਹੈ।

ਕੱਲ੍ਹ ਨਗਰ ਕੌਂਸਲ ਲਹਿਰਾਗਾਗਾ ਵੱਲੋਂ ਗੰਦੇ ਪਾਣੀ ਦੀ ਨਿਕਾਸੀ ਦੇ ਲਈ ਬਾਬਾ ਹੀਰਾ ਸਿੰਘ ਭੱਠਲ ਟੈਕਨੀਕਲ ਕਾਲਜ ਦੇ ਕੋਲ ਪਾਈਪਾਂ ਪਾਉਣ ਲਈ ਜਾਖਲ-ਸੁਨਾਮ ਮੁੱਖ ਸੜਕ ਪੁੱਟੀ ਗਈ, ਪਰ ਪੁਟਾਈ ਤੋਂ ਬਾਅਦ ਕੰਮ ਅੱਧਵਾਟੇ ਛੱਡ ਕੇ ਨਾ ਉਸ ਟੋਏ ਨੂੰ ਪੂਰਿਆ ਗਿਆ, ਨਾ ਕੰਮ ਚੱਲਣ ਦਾ ਕੋਈ ਬੋਰਡ ਲਾਇਆ ਸੀ। ਇਸ ਕਾਰਨ ਨੌਜਵਾਨ ਦਲਵੀਰ ਸਿੰਘ ਵਿਰਕ (27) ਰਾਤੀਂ ਅੱਠ ਵਜੇ ਦੇ ਕਰੀਬ ਸੁਨਾਮ ਤੋਂ ਲਹਿਰਾਗਾਗਾ ਦੇ ਕਾਲਜ ਕੋਲ ਪੁੱਜਾ, ਜਿੱਥੇ ਗੰਦੇ ਪਾਣੀ ਦੀ ਨਿਕਾਸੀ ਲਈ ਵੱਡਾ ਟੋਇਆ ਪੁੱਟਿਆ ਹੋਇਆ ਸੀ। ਉਥੇ ਉਸ ਦਾ ਮੋਟਰ ਸਾਈਕਲ ਪੰਜ-ਛੇ ਫੁੱਟ ਉਪਰ ਉਛਲ ਕੇ ਦੂਰ ਡਿੱਗ ਗਿਆ ਤੇ ਦਲਵੀਰ ਸਿੰਘ ਦਾ ਸਿਰ ਉਥੇ ਰੱਖੀਆਂ ਨਿਕਾਸੀ ਵਾਲੀਆਂ ਪਾਈਪਾਂ ਦੇ ਉਪਰ ਜਾ ਵੱਜਾ। ਇਸ ਨਾਲ ਉਸ ਦੀ ਮੌਕੇ 'ਤੇ ਮੌਤ ਹੋ ਗਈ। ਥਾਣਾ ਸਿਟੀ ਦੇ ਮੁਖੀ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਘਰਦਿਆਂ ਨੇ ਦੁਬਾਰਾ ਬਿਆਨ ਲਿਖਵਾਏ ਹਨ ਕਿ ਸਬੰਧਤ ਠੇਕੇਦਾਰ ਨੇ ਸੜਕ ਵਿਚਾਲੇ ਟੋਏ ਪੁੱਟ ਦਿੱਤੇ, ਪਰ ਫਲੈਕਸ ਜਾਂ ਆਰਜ਼ੀ ਦੀਵਾਰ ਨਹੀਂ ਬਣਾਈ ਸੀ। ਇਸ ਕਾਰਨ ਇਸ ਮੌਤ ਦਾ ਜ਼ਿੰਮੇਵਾਰ ਸਬੰਧਤ ਠੇਕੇਦਾਰ ਹੈ। ਠੇਕੇਦਾਰ ਖਿਲਾਫ ਪਰਚਾ ਦਰਜ ਕਰ ਕੇ ਤਫਤੀਸ਼ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਕੁਝ ਅਰਸਾ ਪਹਿਲਾਂ ਹੀ ਨੌਜਵਾਨ ਦਾ ਵਿਆਹ ਹੋਇਆ ਸੀ।

## ਕਿਸਾਨ ਅੰਦੋਲਨ ਦੇ ਬਾਵਜੂਦ 1.75 ਕਰੋੜ ਗੰਢਾਂ ਕਪਾਹ ਮੰਡੀਆਂ 'ਚ ਪਹੁੰਚੀ



ਜੈਤੋ, 4 ਜਨਵਰੀ (ਪੋਸਟ ਬਿਊਰੋ)- ਕਿਸਾਨ ਅੰਦੋਲਨ ਵੱਡੇ ਪੱਧਰ 'ਤੇ ਚੱਲਣ ਦੇ ਬਾਵਜੂਦ ਦੇਸ਼ 'ਚ ਕਪਾਹ ਦੀ ਰੋਜਾਨਾ ਆਮਦ ਵੱਡੇ ਪੱਧਰ 'ਤੇ ਹੋਈ ਹੈ। ਭਾਰਤ ਦੇ ਵੱਖ-ਵੱਖ ਰਾਜਾਂ ਦੀਆਂ ਮੰਡੀਆਂ 'ਚ ਕੱਲ੍ਹ ਤੱਕ ਕਰੀਬ 1.75 ਕਰੋੜ ਗੰਢਾਂ ਕਪਾਹ ਪੁੱਜਣ ਦੀ ਸੂਚਨਾ ਹੈ। ਇਸ 'ਚੋਂ ਕਰੀਬ 80 ਲੱਖ ਗੰਢਾਂ ਕਪਾਹ ਸਰਕਾਰੀ ਖਰੀਦ ਏਜੰਸੀਆਂ ਨੇ ਖਰੀਦੀ ਹੈ।

ਭਾਰਤੀ ਕਪਾਹ ਨਿਗਮ (ਸੀ ਸੀ ਆਈ) ਨੇ ਆਪਣੀਆਂ ਪੁਰਾਣੀਆਂ ਰੂੰ ਵਾਲੀਆਂ ਗੰਢਾਂ ਸਾਲ 2018-19 ਅਤੇ 2019-20 ਦੀ ਵੱਡੀ ਮਾਤਰਾ 'ਚ ਵੇਚੀਆਂ ਹਨ। ਮਿਲੀ ਜਾਣਕਾਰੀ ਅਨੁਸਾਰ ਸੀ ਸੀ ਆਈ ਤੇ ਮਹਾਰਾਸ਼ਟਰ ਫੈਡਰੇਸ਼ਨ ਨੇ 15-20 ਲੱਖ ਗੰਢਾਂ ਰੂੰ ਦੀ ਸੇਲ ਕੀਤੀ ਅਤੇ ਭਾਰਤੀ ਕਤਾਈ ਮਿੱਲਾਂ ਨੇ ਪਿਛਲੇ 45-50 ਦਿਨਾਂ 'ਚ ਯਾਰਨ ਦੀ ਚੰਗੀ ਖਾਸੀ ਵਿਕਰੀ ਕੀਤੀ ਹੈ। ਕਤਾਈ ਮਿੱਲਾਂ ਲਗਾਤਾਰ ਬਿਹਤਰ ਲਾਭ ਵਿੱਚ ਚੱਲ ਰਹੀਆਂ ਹਨ ਅਤੇ ਉਨ੍ਹਾ ਨੂੰ ਮੁੱਖ ਕਮਾਈ ਵਿਦੇਸ਼ਾਂ 'ਚ ਯਾਰਨ ਦੀ ਬਰਾਮਦ ਤੋਂ ਹੁੰਦੀ ਹੈ। ਭਾਰਤ ਤੋਂ ਵੱਖ-ਵੱਖ ਦੇਸ਼ਾਂ ਨੂੰ ਕੱਲ੍ਹ ਤੱਕ ਕਰੀਬ 32 ਲੱਖ ਗੰਢਾਂਰੂੰ ਵੇਚੀਜਾਣ ਦੀ ਸੂਚਨਾ ਹੈ। ਇਸ ਸਾਲ 55-60 ਲੱਖ ਗੰਢ ਰੂੰ ਐਕਸਪੋਰਟ ਹੋਣ ਦੇ ਅੰਦਾਜ਼ੇ ਹਨ। ਦੇਸ਼ ਵਿੱਚ ਕਰੀਬ 8 ਲੱਖ ਗੰਢਾਂ ਰੂੰ ਹੋਣ ਦੀ ਸੂਚਨਾ ਹੈ।ਭਾਰਤੀ ਰੂੰ ਬਾਜ਼ਾਰ 'ਚ ਅਗਲੇ ਦਿਨਾਂ 'ਚ ਤੇਜ਼ੀ ਆਉਣ ਦੇ ਅੰਦਾਜ਼ੇ ਹਨ।

## ਸਾਬਕਾ ਸਰਪੰਚ ਨੇ ਮੌਜੂਦਾ ਸਰਪੰਚ ਤੇ ਦੋ ਸਕੇ ਭਰਾਵਾਂ 'ਤੇ ਫਾਇਰਿੰਗ ਕੀਤੀ

ਲੁਧਿਆਣਾ, 4 ਜਨਵਰੀ (ਪੋਸਟ ਬਿਊਰੋ)- ਪਿਛਲੀਆਂ ਚੋਣਾਂ ਦੀ ਰੰਜਿਸ਼ ਕਾਰਨ ਪਿੰਡ ਜੈਨਪੁਰ ਦੇ ਸਾਬਕਾ ਸਰਪੰਚ ਨੇ ਗੁਆਂਢ ਵਿੱਚ ਰਹਿੰਦੇ ਭਰਾਵਾਂ 'ਤੇ ਫਾਇਰ ਕਰ ਦਿੱਤੇ। ਇਸ ਘਟਨਾ ਦੇ ਸਮੇਂ ਮੌਜੂਦਾ ਸਰਪੰਚ ਉਪਰੋਕਤ ਭਰਾਵਾਂ ਦੇ ਘਰ ਆਇਆ ਸੀ। ਗੋਲੀ ਨਾਲ ਮੌਜੂਦਾ ਸਰਪੰਚ ਵਾਲ-ਵਾਲ ਬਚ ਗਿਆ, ਪਰ ਇੱਕ ਗੋਲੀ ਇੱਕ ਭਰਾ ਦੇ ਮੋਢੇ ਤੇ ਦੂਜੀ ਉਸਦੇ ਭਰਾ ਦੇ ਪੱਟ 'ਤੇ ਜਾ ਲੱਗੀ।ਇਸ ਬਾਰੇ ਥਾਣਾ ਪੀ ਏ ਯੂ ਦੀ ਪੁਲਸ ਨੇ ਪਰਮਜੀਤ ਸਿੰਘ ਦੀ ਸ਼ਿਕਾਇਤ 'ਤੇ ਸਾਬਕਾ ਸਰਪੰਚ ਗੁਰਜੰਟ ਸਿੰਘ ਖ਼ਿਲਾਫ਼ ਇਰਾਦਾ ਕਤਲ ਅਤੇ ਆਰਮਜ਼ ਐਕਟ ਦਾ ਕੇਸ ਦਰਜ ਕੀਤਾ ਹੈ।

ਪੁਲਸ ਨੂੰ ਦਿੱਤੇ ਬਿਆਨਾਂ 'ਚ ਪਰਮਜੀਤ ਸਿੰਘ ਨੇ ਦੱਸਿਆ ਕਿ ਉਹ ਐ ਉਸ ਦਾ ਭਰਾ ਸਿਕੰਦਰ ਸਿੰਘ ਦੋਵੇਂ ਪਿੰਡ ਜੈਨਪੁਰ ਵਿੱਚ



ਰਹਿੰਦੇ ਅਤੇ ਖੇਤੀਕਰਦੇ ਹਨ। ਪਿੰਡ ਦੇ ਮੌਜੂਦਾ ਸਰਪੰਚ ਬਲਕਰਨ ਸਿੰਘ ਦਾ ਉਨ੍ਹਾਂ ਦੇ ਘਰ ਆਉਣਾ-ਜਾਣਾ ਸੀ ਅਤੇ ਦੋਸ਼ੀਗੁਰਜੰਟ ਸਿੰਘ ਸਾਬਕਾ ਸਰਪੰਚ ਹੈ। ਬਲਕਰਨ ਸਿੰਘ ਨੇ ਚੋਣ ਵਿੱਚ ਉਸ ਨੂੰ ਹਰਾਇਆ ਸੀ, ਇਸ ਲਈ ਗੁਰਜੰਟ ਸਿੰਘ ਨਾਲ ਰੰਜਿਸ਼ ਰੱਖਦਾ ਸੀ। 31 ਦਸੰਬਰ ਦੀ ਰਾਤ ਨੂੰ ਬਲਕਰਨ ਇੱਕ ਪਲਾਟ ਦੇ ਸਬੰਧ ਵਿੱਚ ਗੱਲ ਕਰਨ ਲਈ ਆਇਆ ਸੀ।ਪਰਮਜੀਤ ਸਿੰਘ ਦਾ ਕਹਿਣਾ ਹੈ ਕਿ ਸਰਪੰਚ ਬਲਕਰਨ ਦੀ ਕਾਰ ਖੜ੍ਹੀ ਦੇਖ ਕੇ ਦੋਸ਼ੀ ਉਨ੍ਹਾਂ ਦੇ ਘਰ ਆਇਆ ਅਤੇ ਬਹਿਸਣ ਲੱਗਾ। ਜਦ ਉਹ ਬਾਹਰ ਗਏ ਤਾਂ ਉਸ ਨੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਧਮਕੀਆਂ ਦੇਣ ਲੱਗਾ। ਇਸ ਦੌਰਾਨ ਉਸ ਨੇ ਆਪਣੇ ਕੋਲ ਰੱਖੇ ਹਥਿਆਰ ਤੋਂ ਫਾਇਰਿੰਗ ਸ਼ੁਰੂ ਕਰ ਦਿੱਤੀ। ਪਰਮਜੀਤ ਦਾ ਕਹਿਣਾ ਹੈ ਕਿ ਫਾਇਰਿੰਗ 'ਚ ਸਰਪੰਚ ਵਾਲ-ਵਾਲ ਬਚ ਗਿਆ ਪਰ ਇੱਕ ਗੋਲੀ ਉਸ ਦੇ ਮੋਢੇ 'ਤੇ ਲੱਗੀ ਅਤੇ ਦੂਜੀ ਗੋਲੀ ਉਸਦੇ ਭਰਾ ਸਿਕੰਦਰ ਸਿੰਘ ਦੇ ਪੱਟ 'ਤੇ ਲੱਗੀ। ਇਸ ਪਿੱਛੋਂ ਦੋਸ਼ੀ ਫਰਾਰ ਹੋ ਗਿਆ ਸੀ।

ਪੁਲਸ ਇੰਸਪੈਕਟਰ ਪਰਮਜੀਤ ਸਿੰਘ ਨੇ ਦੱਸਿਆ ਕਿ ਦੋਵੇਂ ਜ਼ਖ਼ਮੀ ਭਰਾ ਡੀ ਐਮ ਸੀ ਹਸਪਤਾਲ ਦਾਖ਼ਲ ਹਨ, ਦੋਵਾਂ ਦੀ ਹਾਲਤ ਪਹਿਲਾਂ ਤੋਂ ਠੀਕ ਹੈ ਅਤੇ ਦੋਸ਼ੀ ਗੁਰਜੰਟ ਸਿੰਘ ਹਾਲੇ ਫਰਾਰ ਹੈ, ਉਸ ਦੀ ਭਾਲ ਕੀਤੀ ਜਾ ਰਹੀ ਹੈ।

## ਤੇਜ਼ ਰਫ਼ਤਾਰ ਟਰੱਕ ਦੀ ਮੋਟਰ ਸਾਈਕਲ ਨਾਲ ਟੱਕਰ ਕਾਰਨ ਦੋ ਮੌਤਾਂ

ਮਲੇਰਕੋਟਲਾ, 4 ਜਨਵਰੀ (ਪੋਸਟ ਬਿਊਰੋ)- ਮਲੇਰਕੋਟਲਾ-ਧੂਰੀ ਮੁੱਖ ਸੜਕ 'ਤੇ ਵਾਪਰੇ ਹਾਦਸੇ ਵਿੱਚ ਤੇਜ਼ ਰਫ਼ਤਾਰ ਟਰੱਕ ਦੀ ਫੇਟ ਨਾਲ ਮੋਟਰ ਸਾਈਕਲ ਸਵਾਰ ਮਾਂ ਧੀ ਦੀ ਮੌਕੇ 'ਤੇ ਮੌਤ ਹੋ ਗਈ ਤੇ ਮੋਟਰ ਸਾਈਕਲ ਚਲਾ ਰਿਹਾ ਪਿਤਾ ਗੰਭੀਰ ਜ਼ਖ਼ਮੀ ਹੋ ਗਿਆ। ਉਸ ਨੂੰ ਸਿਵਲ ਹਸਪਤਾਲ ਮਲੇਰਕੋਟਲਾ ਵਿੱਚ ਦਾਖਲ ਕਰਾਇਆ ਗਿਆ ਹੈ। ਹਾਦਸੇ ਵਿੱਚ ਮਾਰੀ ਗਈ ਮਹਿਲਾ ਦੀ ਪਛਾਣ ਮਨਜੀਤ ਕੌਰ ਅਤੇ ਉਸ ਦੀ ਮਾਸੂਮ ਬੇਟੀ ਮਾਨਵੀ ਵਜੋਂ ਹੋਈ ਹੈ ਜਦਕਿ ਫੱਟੜ ਦਾ ਨਾ ਪਵਨ ਕੁਮਾਰ ਵਾਸੀ ਲੁਧਿਆਣਾ ਦੱਸਿਆ ਜਾ ਰਿਹਾ ਹੈ।

ਪੁਲਸ ਥਾਣਾ ਸਿਟੀ-1 ਮਲੇਰਕੋਟਲਾ ਨੂੰ ਦਿੱਤੇ ਬਿਆਨ ਵਿੱਚ ਪਵਨ ਕੁਮਾਰ ਨੇ ਦੱਸਿਆ ਕਿ ਉਹ ਆਪਣੀ ਪਤਨੀ ਅਤੇ ਬੇਟੀ ਸਮੇਤ ਮੋਟਰ ਸਾਈਕਲ 'ਤੇ ਆਪਣੀ ਭੈਣ ਕੋਲ ਸੰਗਰੂਰ ਨੇੜੇ ਪਿੰਡ ਬਡਰੁੱਖਾਂ





ਜਾ ਰਿਹਾ ਸੀ। ਜਦੋਂ ਉਹ ਧੂਰੀ ਰੋਡ 'ਤੇ ਰਿਲਾਇੰਸ ਪਟਰੌਲ ਪੰਪ ਨੇੜੇ ਗਿਆ ਤਾਂ ਪਿੱਛੋਂ ਤੇਜ਼ ਰਫ਼ਤਾਰ ਆਏ ਟਰੱਕ ਨੇ ਉਸ ਦੇ ਮੋਟਰ ਸਾਈਕਲ ਵਿੱਚ ਜ਼ੋਰਦਾਰ ਟੱਕਰ ਮਾਰੀ, ਜਿਸ ਨਾਲ ਉਸ ਦੀ ਪਤਨੀ ਮਨਜੀਤ ਕੌਰ ਅਤੇ ਬੇਟੀ ਮਾਨਵੀ ਮੌਕੇ 'ਤੇ ਦਮ ਤੋੜ ਗਈਆਂ ਅਤੇ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਟਰੱਕ ਦਾ ਡਰਾਇਵਰ ਫ਼ਰਾਰ ਹੋ ਗਿਆ। ਪੁਲਸ ਨੇ ਪਵਨ ਕੁਮਾਰ ਦੇ ਬਿਆਨਾਂ 'ਤੇ ਥਾਣਾ ਸਿਟੀ-1 ਮਲੇਰਕੋਟਲਾ ਵਿਖੇ ਸਤਵੰਤ ਸਿੰਘ ਪਿੰਡ ਹਥਨ ਵਿਰੁੱਧ ਕੇਸ ਦਰਜ ਕਰ ਲਿਆ ਹੈ।

## ਮੋਟਰ ਸਾਈਕਲ ਸਵਾਰਾਂ ਨੇ ਨੌਜਵਾਨ ਨੂੰ ਗੋਲੀ ਮਾਰੀ



ਗੋਰਾਇਆ, 4 ਜਨਵਰੀ (ਪੋਸਟ ਬਿਊਰੋ)- ਕੱਲ੍ਹ ਰਾਤ ਪਿੰਡ ਮਾਹਲਾਂ ਵਿੱਚ ਇੱਕ ਨੌਜਵਾਨ ਨੂੰ ਲੁੱਟਣ ਲਈ ਲੁਟੇਰਿਆਂ ਨੇ ਗੋਲੀ ਮਾਰ ਦਿੱਤੀ, ਜਿਸ ਦੇ ਬਾਅਦ ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

ਸਿਵਲ ਹਸਪਤਾਲ ਜਲੰਧਰ ਵਿੱਚ ਇਲਾਜ ਅਧੀਨ ਰਾਜੇਸ਼ ਕੁਮਾਰ ਲਾਖਾ ਨੇ ਦੱਸਿਆ ਕਿ ਉਹ ਆਪਣੇ ਘਰ ਦੇ ਕੋਲ ਫ਼ੋਨ 'ਤੇ ਗੱਲ ਕਰ ਰਿਹਾ ਸੀ ਅਤੇ ਇੱਕ ਕਾਲੇ ਰੰਗ ਦੇ ਮੋਟਰਸਾਈਕਲ 'ਤੇ ਦੋ ਨੌਜਵਾਨ ਆਏ ਤੇ ਫ਼ੋਨ ਲੁਟ ਲਿਆ ਅਤੇ ਫਰਾਰ ਹੋ ਗਏ। ਇਸੇ ਦੌਰਾਨ ਉਹ ਲੁਟੇਰਿਆਂ ਦਾ ਪਿੱਛਾ ਕਰਨ ਲੱਗਾ ਤਾਂ ਉਨ੍ਹਾਂ ਨੇ ਲੱਤ ਉੱਤੇ ਗੋਲੀ ਮਾਰ ਦਿੱਤੀ। ਪਹਿਲਾਂ ਪਿੰਡਵਾਸੀ ਉਸ ਨੂੰ ਹੈੱਲਥ ਸੈਂਟਰ ਬੜਾਪਿੰਡ ਲੈ ਗਏ, ਜਿੱਥੋਂ ਡਾਕਟਰ ਨੇ ਉਨ੍ਹਾਂ ਨੂੰ ਜਲੰਧਰ ਸਿਵਲ ਹਸਪਤਾਲ ਵਿੱਚ ਰੈਫਰ ਕਰ ਦਿੱਤਾ।ਪਿੰਡ ਵਾਸੀਆਂ ਨੇ ਦੱਸਿਆ ਕਿ ਪਿੰਡ ਵਿੱਚ ਦੋ ਮੋਟਰਸਾਈਕਲ ਲਗਾਤਾਰ ਵਾਰਦਾਤਾਂ ਕਰ ਰਹੇ ਹਨ, ਜਿਨ੍ਹਾਂ ਖ਼ਿਲਾਫ਼ ਗੋਰਾਇਆ ਪੁਲਸ ਨੂੰ ਉਹ ਪਹਿਲਾਂ ਲਿਖਤੀ ਸ਼ਿਕਾਇਤ ਅਤੇ ਸੀ ਸੀ ਟੀ ਵੀ ਫੁਟੇਜ ਦੇ ਚੁੱਕੇ ਹਨ, ਪਰ ਪੁਲਸ ਲੁਟੇਰਿਆਂ ਨੂੰ ਫੜਨ ਵਿੱਚ ਸਫਲ ਨਹੀਂ ਹੋਈ।

## ਪ੍ਰਾਪਰਟੀ ਡੀਲਰਾਂ ਤੋਂ ਦੁਖੀ ਹੋਏ ਕਿਸਾਨ ਵੱਲੋਂ ਖ਼ੁਦਕੁਸ਼ੀ



ਲੁਧਿਆਣਾ, 4 ਜਨਵਰੀ (ਪੋਸਟ ਬਿਊਰੋ)- ਪ੍ਰਾਪਰਟੀ ਡੀਲਰਾਂ ਤੋਂ ਕਿਸਾਨ ਵੱਲੋਂ ਨਹਿਰ ਵਿੱਚ ਛਾਲ ਮਾਰ ਕੇ ਖ਼ੁਦਕੁਸ਼ੀ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਇਸ ਕੇਸ ਵਿੱਚ ਤਿੰਨ ਡੀਲਰਾਂ ਸਮੇਤ ਛੇ ਵਿਅਕਤੀਆਂ ਖ਼ਿਲਾਫ਼ ਸੰਗੀਨ ਧਰਾਵਾਂ ਤਹਿਤ ਪਰਚਾ ਦਰਜ ਕਰ ਲਿਆ ਹੈ।

ਮ੍ਰਿਤਕ ਗੁਰਮੀਤ ਸਿੰਘ (45) ਦੇ ਪਿਤਾ ਮੋਹਨ ਸਿੰਘ ਪਿੰਡ ਭੂੱਟਾ ਦੀ ਸ਼ਿਕਾਇਤ 'ਤੇ ਪੁਲਸ ਨੇ ਪ੍ਰਾਪਰਟੀ ਡੀਲਰਾਂ ਜਸਵਿੰਦਰ ਸਿੰਘ ਪੁੱਤਰ ਗੁਰਨਾਮ ਸਿੰਘ, ਸੁਖਵਿੰਦਰ ਸਿੰਘ ਪਿੰਡ ਗਿੱਲ, ਸਿਕੰਦਰ ਸਿੰਘ ਪੁੱਤਰ ਸਾਧੂ ਸਿੰਘ ਪਿੰਡ ਬੂਟਾਂ ਤੇ ਉਨ੍ਹਾਂ ਦੇ ਤਿੰਨ ਸਾਥੀਆਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਦਾ ਕੇਸਦਰਜ ਕੀਤਾ ਹੈ।

ਪੁਲਸ ਨੂੰ ਲਿਖਵਾਈ ਮੁੱਢਲੀ ਰਿਪੋਰਟ 'ਚ ਮ੍ਰਿਤਕ ਦੇ ਪਿਤਾ ਮੋਹਨ ਸਿੰਘ ਨੇ ਦੱਸਿਆ ਕਿ ਉਸ ਦੇ ਲੜਕੇ ਨੇ ਬਾਬਾ ਦੀਪ ਸਿੰਘ ਨਗਰ 'ਚ 200 ਗਜ਼ ਦਾ ਪਲਾਟ ਖਰੀਦਿਆ ਸੀ ਅਤੇ ਦੋਸ਼ੀ ਉਸ ਦੇ ਪਲਾਟ 'ਤੇ ਕਬਜ਼ਾ ਕਰਨਾ ਚਾਹੁੰਦੇ ਸਨ ਅਤੇ ਪਿਛਲੇ ਕੁਝ ਦਿਨਾਂ ਤੋਂ ਉਸਦੇ ਲੜਕੇ ਨੂੰ ਤੰਗ ਕਰ ਰਹੇ ਅਤੇ ਧਮਕੀਆਂ ਦੇ ਰਹੇ ਸਨ, ਜਿਸ ਤੋਂ ਦੁਖੀ ਹੋ ਕੇ ਗੁਰਮੀਤ ਸਿੰਘ ਨੇ ਨਹਿਰ 'ਚ ਛਾਲ ਮਾਰ ਦਿੱਤੀ ਹੈ। ਮੋਹਨ ਸਿੰਘ ਨੇ ਦੋਸ਼ ਲਾਇਆ ਕਿ ਦੋਸ਼ੀ ਸ਼ਰ੍ਹੇਆਮ ਘੁੰਮਦੇ ਅਤੇ ਉਨ੍ਹਾਂ ਨੂੰ ਧਮਕੀਆਂ ਦੇ ਰਹੇ ਹਨ ਪਰ ਪੁਲਸ ਵੱਲੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਰਿਹਾ। ਜਾਂਚ ਕਰ ਰਹੇ ਐਸ ਐਚ ਓ ਸੁਖਦੇਵ ਸਿੰਘ ਬਰਾੜ ਨੇ ਦੱਸਿਆ ਕਿ ਪੁਲਸ ਵੱਲੋਂ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਨੂੰ ਜਲਦੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਮਾਮਲਾ ਪ੍ਰੇਮ ਸੰਬੰਧਾਂ ਦਾ :

## ਕੁੜੀ ਦੇ ਪਰਵਾਰ ਨੇ ਨੌਜਵਾਨ ਨੂੰ ਕੁਟਿਆ ਅਤੇ ਜ਼ਹਿਰੀਲਾ ਪਦਾਰਥ ਖਵਾਇਆ

ਨਵਾਂ ਸ਼ਹਿਰ, 4 ਜਨਵਰੀ (ਪੋਸਟ ਬਿਊਰੋ)- ਏਥੋਂ ਦੇ ਇੱਕ ਨਿੱਜੀ ਹਸਪਤਾਲ ਵਿੱਚ ਦੁਬਈ ਤੋਂ ਮੁੜੇ ਇੱਕ ਨੌਜਵਾਨ ਦੀ ਸ਼ੱਕੀ ਹਾਲਾਤ ਵਿੱਚ ਮੌਤ ਹੋ ਗਈ ਹੈ, ਜਿਸ ਬਾਰੇ ਪੁਲਸ ਅਗਲੀ ਕਾਰਵਾਈ ਕਰ ਰਹੀ ਹੈ।

ਪਿੰਡ ਮੀਰਪੁਰ ਜੱਟਾਂ ਦੇ ਨੌਜਵਾਨ ਦੀ ਮਾਂ ਰਾਜਕੌਰ ਨੇ ਦੱਸਿਆ ਕਿ ਉਸ ਦੇ ਲੜਕੇ ਲਖਬੀਰ ਦੇ ਪੰਜ ਸਾਲਾਂ ਤੋਂ ਕਸਬਾ ਜਾਡਲਾ ਦੀ ਵਸਨੀਕ ਲੜਕੀ ਨਾਲ ਪ੍ਰੇਮ ਸੰਬੰਧ ਸਨ। ਲੜਕੀ ਦੇ ਪਰਵਾਰ ਵਾਲੇ ਲਖਬੀਰ ਸਿੰਘ ਨਾਲ ਵਿਆਹ ਦੇ ਲਈ ਨਹੀਂ ਮੰਨ ਰਹੇ ਸਨ। ਇਸ ਮੁੱਦੇ ਤੋਂ ਦੋ ਵਾਰ ਦੋਵਾਂ ਪਿੰਡਾਂ ਦੀ ਪੰਚਾਇਤ ਵੀ ਹੋਈ ਸੀ। ਲੜਕੀ ਦੇ ਪਰਵਾਰ ਵਾਲੇ ਲੜਕੇ ਦੇ ਘਰ ਵੀ ਆਏ ਸਨ ਅਤੇ ਕਿਤੇ ਦੂਰ ਜਾ ਕੇ ਵਿਆਹ ਕਰਨ ਦੀ ਗੱਲ ਕਹਿ ਰਹੇ ਸਨ।ਇਸ ਦੌਰਾਨ ਲੜਕੀ ਦੇ ਪਰਵਾਰਕ ਮੈਂਬਰਾਂ ਨੇ ਲੜਕੀ ਦਾ ਰਿਸ਼ਤਾ ਕਿਸੇ ਹੋਰ ਵਿਅਕਤੀ ਨਾਲ ਕਰ ਦਿੱਤਾ ਤੇ ਅਗਲੀ 15 ਤਰੀਕ ਨੂੰ ਲੜਕੀ ਦਾ ਵਿਆਹ ਹੋਣਾ ਹੈ। ਲੜਕੀ ਨੇ ਵਿਦੇਸ਼ ਵਿੱਚ ਲਖਬੀਰ ਸਿੰਘ ਨੂੰ ਫੋਨ ਕਰ ਕੇ ਦੱਸ ਦਿੱਤਾ ਅਤੇ ਉਹ ਗੱਲਬਾਤ ਕਰਨ ਲਈ 26 ਦਸੰਬਰ ਨੂੰ



ਭਾਰਤ ਆ ਗਿਆ। ਲਖਬੀਰ ਸਿੰਘ ਲੜਕੀ ਦੇ ਮਾਤਾ-ਪਿਤਾ ਨਾਲ ਗੱਲਬਾਤ ਕਰਨ ਲਈ ਉਨ੍ਹਾਂ ਦੇ ਘਰ ਗਿਆ ਤਾਂ ਲੜਕੀ ਦੇ ਪਰਵਾਰ ਨੇ ਉਸ ਨਾਲ ਮਾਰਕੁੱਟ ਕੀਤੀ ਤੇ ਜਬਰੀ ਉਸ ਦੇ ਮੂੰਹ ਵਿੱਚ ਕੋਈ ਜ਼ਹਿਰੀਲਾ ਪਦਾਰਥ ਪਾ ਦਿੱਤਾ ਜਿਸ ਕਾਰਨ ਲਖਬੀਰ ਸਿੰਘ ਦੀ ਹਾਲਤ ਗੰਭੀਰ ਹੋ ਗਈ ਅਤੇ ਉਸ ਨੂੰ ਇਲਾਜ ਲਈ ਨਵਾਂ ਸ਼ਹਿਰ ਦੇ ਇੱਕ ਨਿੱਜੀ ਹਸਪਤਾਲ ਦਾਖਲ ਕਰਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਲਖਬੀਰ ਦੇ ਪਰਵਾਰ ਨੇ ਲੜਕੀ ਦੇ ਪਰਵਾਰਕ ਮੈਂਬਰਾਂ ਉੱਤੇ ਨੌਜਵਾਨ ਨਾਲ ਮਾਰਕੁੱਟ ਅਤੇ ਜਬਰੀ ਉਸ ਦੇ ਮੂੰਹ ਵਿੱਚ ਜ਼ਹਿਰੀਲਾ ਪਾਦਰਥ ਪਾਉਣ ਦੇ ਦੋਸ਼ ਲਾਏ ਹਨ। ਉਨ੍ਹਾਂ ਨੇ ਪੁਲਸ ਨੂੰ ਲੜਕੀ ਦੇ ਪਰਵਾਰਕ ਮੈਂਬਰਾਂ 'ਤੇ ਮਾਮਲਾ ਦਰਜ ਕਰਨ ਦੀ ਮੰਗ ਕੀਤੀ ਹੈ।

## ਪੈਸੇ ਡਬਲ ਕਰਨ ਦਾ ਝਾਂਸਾ ਦੇ ਕੇ 8.85 ਲੱਖ ਰੁਪਏ ਠੱਗ ਲਏ

ਜਲੰਧਰ, 4 ਜਨਵਰੀ (ਪੋਸਟ ਬਿਊਰੋ)- ਇਸ ਮਹਾਨਗਰ ਦੀ ਥਾਣਾ ਸਦਰ ਦੀ ਪੁਲਸ ਨੇ ਪੈਸੇ ਡਬਲ ਕਰਨ ਦਾ ਝਾਂਸਾ ਦੇ ਕੇ 8.85 ਲੱਖ ਰੁਪਏ ਠੱਗੀ ਕਰਨ ਦੇ ਦੋਸ਼ ਵਿੱਚ ਮੁਹੱਲਾ ਨਿੰਮਵਾਲਾ ਜਮਸ਼ੇਰ ਖਾਸ ਦੀਵਸਨੀਕ ਕਿੰਨਰ ਸਰੋਜ ਕੁਮਾਰੀ ਅਤੇ ਹੁਸ਼ਿਆਰਪੁਰ ਦੇ ਪ੍ਰਹਿਲਾਦ ਨਗਰ ਦੇ ਵਸਨੀਕ ਰਾਜੇਸ਼ ਕੁਮਾਰ ਦੇ ਖਿਲਾਫ ਕੇਸ ਦਰਜ ਕੀਤਾ ਹੈ। ਜਮਸ਼ੇਰ ਖਾਸ ਨੇੜੇ ਪਿੰਡ ਖੇੜਾ ਦੇ ਰਹਿਣ ਵਾਲੇ ਰਣਜੀਤ ਸਿੰਘ ਨੇ ਦੱਸਿਆ ਕਿ ਦੋਵਾਂ ਦੋਸ਼ੀਆਂ ਨੇ ਉਨ੍ਹਾਂ ਨੂੰ ਗੱਲਾਂ ਵਿੱਚ ਫੁਸਲਾ ਕੇ ਪੈਸੇ ਡਬਲ ਕਰਨ ਦਾ ਝਾਂਸਾ ਦਿੱਤਾ ਸੀ। ਇਸ ਬਾਰੇ ਉਨ੍ਹਾਂ ਨੇ ਕਰੀਬ 8.85 ਹਜ਼ਾਰ ਰੁਪਏ ਦੇ ਚੈਕ ਅਤੇ ਬਾਕੀ ਪੇਮੈਂਟ ਸੇਵਾਵਾਂ ਦੇ ਜ਼ਰੀਏ ਦਿੱਤੀ ਸੀ। ਸਮਾਂ ਬੀਤਦਾ ਗਿਆ ਤਾਂ ਦੋਸ਼ੀਆਂ ਨੇ ਬਹਾਨੇ ਲਾਉਣੇ ਸ਼ੁਰੂ ਕਰ ਦਿੱਤੇ। ਜਦ ਪਤਾ ਲੱਗਾ ਕਿ ਉਨ੍ਹਾਂ ਨਾਲ ਠੱਗੀ ਹੋਈ ਹੈ, ਤਾਂ ਪੀੜਤ ਨੇ ਪੁਲਸ ਕਮਿਸ਼ਨਰ ਨੂੰ ਲਿਖਤੀ ਵਿੱਚ ਸ਼ਿਕਾਇਤ ਦਿੱਤੀ, ਜਿਨ੍ਹਾਂ ਨੇ ਇਸ ਦੀ ਜਾਂਚ ਥਾਣਾ ਸਦਰ ਦੀ ਪੁਲਸ ਨੂੰ ਸੌਂਪੀ ਸੀ। ਪੁਲਸ ਨੇ ਕਰੀਬ 15 ਮਹੀਨ ਦੀ ਜਾਂਚ ਪਿੱਛੋਂ ਪਰਚਾ ਦਰਜ ਕਰ ਲਿਆ ਹੈ।

## ਛੋਟੇ ਹਾਥੀ ਦੀ ਟੱਕਰ ਨਾਲ ਔਰਤ ਦੀ ਮੌਤ, ਇੱਕ ਜਣਾ ਜ਼ਖ਼ਮੀ

ਮਲਸੀਆਂ, 4 ਜਨਵਰੀ (ਪੋਸਟ ਬਿਊਰੋ)- ਲੋਹੀਆਂ ਰੋਡ 'ਤੇ ਕੱਲ੍ਹ ਸਵੇਰੇ ਛੋਟੇ ਹਾਥੀ ਦੀ ਟੱਕਰ ਕਾਰਨ ਇੱਕ ਔਰਤ ਦੀ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਅੰਬੋ ਪਤਨੀ ਜੋਗਿੰਦਰ ਸਿੰਘ ਵਾਸੀ ਪੱਤੀ ਲਕਸੀਆਂ (ਮਲਸੀਆਂ) ਆਪਣੀ ਪੋਤਰੀ ਹਰਮਨ ਨੂੰ ਨਾਲ ਲੈ ਕੇ ਲੋਹੀਆਂ ਰੋਡ ਦੇ ਕਿਸੇ ਡੇਰੇ 'ਤੇ ਜਾ ਰਹੀ ਸੀ ਕਿ ਮਲਸੀਆਂ ਦੇ ਬਾਹਰ ਲੋਹੀਆਂ ਰੋਡ ਉਤੇ ਇੱਕ ਪੈਲੇਸ ਸਾਹਮਣੇ ਮੋਟਰ ਸਾਈਕਲ ਸਵਾਰ ਵਿਅਕਤੀ ਪਵਨ ਉਰਫ਼ ਗੌਰੀ ਪੁੱਤਰ ਰਛਪਾਲ ਸਿੰਘ ਪਿੰਡ ਕੰਨੀਆਂ ਖੁਰਦ (ਸ਼ਾਹਕੋਟ) ਨੂੰ ਰੋਕ ਕੇ ਉਨ੍ਹਾਂ ਨੇ ਅੱਗੇ ਤੱਕ ਲਿਜਾਣ ਲਈ ਮਦਦ ਮੰਗੀ। ਜਦੋਂ ਉਹ (ਅੰਬੋ)ਅਤੇ ਉਸ ਦੀ ਪੋਤਰੀ ਹਰਮਨ ਨੂੰ ਮੋਟਰਸਾਈਕਲ 'ਤੇ ਬਿਠਾ ਰਿਹਾ ਸੀ ਤਾਂ ਪਿੱਛੋਂ ਇੱਕ ਛੋਟਾ ਹਾਥੀ (ਹਾਫ ਟਰੱਕ) ਆ ਰਿਹਾ ਸੀ, ਜਿਸਦੇ ਅੱਗੇ ਕੋਈ ਅਵਾਰਾ ਪਸ਼ੂ ਆ ਜਾਣ ਕਾਰਨ ਉਸ ਨੂੰ ਬਚਾਉਂਦਾ ਹੋਇਆ ਛੋਟਾ ਹਾਥੀ ਮੋਟਰਸਾਈਕਲ ਵਿੱਚ ਜਾ ਵੱਜਾ। ਛੋਟੇ ਹਾਥੀ ਨੂੰ ਮੁਹੰਮਦ ਨਵਾਬ ਪੁੱਤਰ ਮੁਹੰਮਦ ਅਹਿਸਾਨ ਵਾਸੀ ਪੱਤੀ ਖੁਰਮਪੁਰ (ਮਲਸੀਆਂ) ਚਲਾ ਰਿਹਾ ਸੀ।ਹਾਦਸੇ ਦੌਰਾਨ ਅੰਬੋ ਦਾ ਸਿਰ ਸੜਕ 'ਤੇ ਵੱਜਾ ਤੇ ਮੋਟਰਸਾਈਕਲ ਸਵਾਰ ਪਵਨ ਉਰਫ਼ ਗੌਰੀ ਦੇ ਵੀ ਕਾਫ਼ੀ ਸੱਟਾਂ ਵੱਜੀਆਂ, ਜਿਨ੍ਹਾਂ ਨੂੰ ਅਚਾਨਕ ਓਥੇ ਪੁੱਜੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਸ਼ਾਹਕੋਟ ਦੇ ਸਰਕਾਰੀ ਹਸਪਤਾਲ ਪੁਚ-ਾਇਆ। ਹਾਲਤ ਗੰਭੀਰ ਹੋਣ ਕਾਰਨ ਡਾਕਟਰਾਂ ਨੇ ਉਨ੍ਹਾਂ ਨੂੰ ਨਕੋਦਰ ਰੈਫਰ ਕਰ ਦਿੱਤਾ, ਜਿੱਥੇ ਜਾਂਦੇ ਸਮੇਂ ਅੰਬੋ (56) ਦੀ ਰਸਤੇ ਵਿੱਚ ਮੌਤ ਹੋ ਗਈ ਅਤੇ ਪਵਨ ਜਲੰਧਰ ਦੇ ਇੱਕ ਹਸਪਤਾਲ 'ਚ ਦਾਖਲ ਹੈ। ਘਟਨਾ ਪਿੱਛੋਂ ਮਲਸੀਆਂ ਪੁਲਸ ਚੌਕੀ ਦੇ ਇੰਚਾਰਜ ਐਸ ਆਈ ਸੰਜੀਵਨ ਸਿੰਘ ਮੌਕੇ 'ਤੇ ਪਹੁੰਚੇ, ਜਿਨ੍ਹਾਂ ਨੇ ਘਟਨਾ ਦੀ ਜਾਂਚ ਕਰਨ ਉਪਰੰਤ ਛੋਟੇ ਹਾਥੀ ਸਮੇਤ ਚਾਲਕ ਨੂੰ ਕਾਬੂ ਕਰ ਲਿਆ ਹੈ।

REXDALE BODY SHOP

USED CAR SALE



CHEEMA

LOWEST PRICE IN TOWN

Towing Service Car Paint Starts $799*upto 100% Deductible Paid*

Specialization In:
★ All Kinds of Body Work
★ Auto Glass Windshield
★ Denting, Painting & Welding

SPECIAL PAINT JOB $779

RENTAL CAR PROVIDED



25 years of Canadian Experience
OPEN MON - SAT 9AM TO 7PM

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

Call Rick or Manminder Cheema: 416.749.9596 /416.951.6431

30 Racine Rd. Toronto, ON, M9W 2Z3, FAX: 416.749.9597

www.AAABODYSHOP.ca
mcheemaaaa@hotmail.com

# 10 ਕਰੋੜ ਭਾਰਤੀਆਂ ਦੇ ਕਾਰਡ ਦਾ ਡਾਟਾ ਡਾਰਕ ਵੈਬ ਨੂੰ ਵੇਚੇ ਜਾਣ ਦਾ ਦਾਅਵਾ



ਨਵੀਂ ਦਿੱਲੀ, 4 ਜਨਵਰੀ (ਪੋਸਟ ਬਿਊਰੋ)- ਸਾਇਬਰ ਸੁਰੱਖਿਆ ਦੇ ਇੱਕ ਸੁਤੰਤਰ ਖੋਜੀ ਰਾਜਸ਼ੇਖਰ ਰਾਜਹਰੀਆ ਨੇ ਦਾਅਵਾ ਕੀਤਾ ਹੈ ਕਿ ਭਾਰਤ ਦੇ ਕਰੀਬ 10 ਕਰੋੜ ਕ੍ਰੈਡਿਟ ਤੇ ਡੈਬਿਟ ਕਾਰਡ ਧਾਰਕਾਂ ਦੇ ਡਾਟਾ ਡਾਰਕ ਵੈਬ 'ਤੇ ਵੇਚੇ ਜਾ ਰਹੇ ਹਨ। ਉਨ੍ਹਾਂ ਮੁਤਾਬਕ ਡਾਰਕ ਵੈਬ 'ਤੇ ਵੱਡੇ ਪੱਧਰ ਉਤੇ ਆਇਆ ਡਾਟਾ ਬੰਗੌਲਰ ਸਥਿਤ ਡਿਜੀਟਲ ਪੇਮੈਂਟਸ ਗੇਟਵੇ ਜਸਪੇ ਦੇ ਸਰਵਰ ਤੋਂ ਲੀਕ ਹੋਇਆ ਹੈ।ਜਸਪੇ ਨੇ ਕਿਹਾ ਕਿ ਸਾਇਬਰ ਹਮਲੇ ਦੌਰਾਨ ਕਿਸੇ ਕਾਰਡ ਦੇ ਨੰਬਰ ਜਾਂ ਵਿੱਤੀ ਸੂਚਨਾ ਨਾਲ ਕੋਈ ਸਮਝੌਤਾ ਨਹੀਂ ਹੋਇਆ ਤੇ ਇਨ੍ਹਾਂ ਦੀ ਗਿਣਤੀ ਦਸ ਕਰੋੜ ਦੱਸੀ ਜਾ ਰਹੀ ਹੈ।

ਕੰਪਨੀ ਦੇ ਬੁਲਾਰੇ ਦੇ ਬਿਆਨ ਮੁਤਾਬਕ 18 ਅਗਸਤ 2020 ਨੂੰ ਸਾਡੇ ਸਰਵਰ ਤੱਕ ਅਣਅਧਿਕਾਰਤ ਤੌਰ 'ਤੇ ਪਹੁੰਚਣ ਦੀ ਕੋਸ਼ਿਸ਼ ਕੀਤੇ ਜਾਣ ਦਾ ਪਤਾ ਲੱਗਾ ਸੀ, ਜਿਸ ਨੂੰ ਵਿਚਾਲੇ ਰੋਕ ਦਿੱਤਾ ਗਿਆ। ਇਸ ਨਾਲ ਕਿਸੇ ਕਾਰਡ ਦਾ ਨੰਬਰ, ਵਿੱਤੀ ਸਾਖ ਜਾਂ ਲੈਣ ਦੇਣ ਦਾ ਡਾਟਾ ਲੀਕ ਨਹੀਂ ਹੋਇਆ। ਕੁਝ ਗੈਰ ਗੁਪਤ ਡਾਟਾ, ਪਲੇਨ ਟੈਕਸਟ ਈ-ਮੇਲ ਅਤੇ ਫੋਨ ਨੰਬਰ ਲੀਕ ਹੋਏ, ਪਰ ਉਨ੍ਹਾਂ ਦੀ ਗਿਣਤੀ 10 ਕਰੋੜ ਤੋਂ ਕਾਫੀ ਘੱਟ ਹੈ। ਰਾਜਹਰੀਆ ਦਾ ਦਾਅਵਾ ਹੈ ਕਿ ਡਾਟਾ ਡਾਰਕ ਵੈਬ 'ਤੇ ਕ੍ਰਿਪਟੋ ਕਰੰਸੀ ਬਿਟਕੁਆਇਨ ਜ਼ਰੀਏ ਅਣਐਲਾਨੀ ਕੀਮਤ 'ਤੇ ਵੇਚਿਆ ਜਾ ਰਿਹਾ ਹੈ। ਇਸ ਡਾਟੇ ਲਈ ਹੈਕਰ ਵੀ ਟੈਲੀਗ੍ਰਾਮ ਰਾਹੀਂ ਸੰਪਰਕ ਕਰ ਰਹੇ ਹਨ। ਉਨ੍ਹਾਂ ਮੁਤਾਬਕ ਜਸਪੇ ਯੂਜ਼ਰਾਂ ਦਾ ਡਾਟਾ ਸਟੋਰ ਕਰਨ ਵਿੱਚ ਪੀ ਸੀ ਆਈ ਡੀ ਐਸ ਐਸ (ਪੇਮੈਂਟ ਕਾਰਡ ਇੰਡਸਟਰੀ ਡਾਟਾ ਸਕਿਓਰਿਟੀ ਸਟੈਂਡਰਡ) ਦਾ ਪਾਲਣ ਕਰਦੀ ਹੈ। ਜੇ ਹੈਕਰ ਕਾਰਡ ਫਿੰਗਰਪ੍ਰਿੰਟ ਬਣਾਉਣ ਲਈ ਹੈਸ਼ ਅਲਗੋਰਿਥਮ ਦਾ ਇਸਤੇਮਾਲ ਕਰ ਸਕਦੇ ਹਨ ਤਾਂ ਉਹ ਮਾਸਕਸਡ ਕਾਰਡ ਨੰਬਰ ਨੂੰ ਵੀ ਡੀਕ੍ਰਿਪਟ ਕਰ ਸਕਦੇ ਹਨ। ਇਸ ਸਥਿਤੀ 'ਚ ਸਾਰੇ 10 ਕਰੋੜ ਕਾਰਡ ਧਾਰਕਾਂ ਨੂੰ ਖਤਰਾ ਹੈ।

# ਐੱਨ ਪੀ ਏ ਨੂੰ ਵੇਖਦੇ ਹੋਏ ਭਾਰਤ ਦੇ ਬੈਂਕਾਂ ਨੂੰ 1.50 ਲੱਖ ਕਰੋੜ ਚਾਹੀਦੈ

ਨਵੀਂ ਦਿੱਲੀ, 4 ਜਨਵਰੀ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਹਾਮਾਰੀ ਦੌਰਾਨ ਸਰਕਾਰੀ ਖੇਤਰ ਦੇ ਬੈਂਕਾਂ 'ਤੇ ਫਸੇ ਕਰਜ਼ੇ (ਐਨ ਪੀ ਏ) ਦਾ ਬਹੁਤ ਜ਼ਿਆਦਾ ਬੋਝ ਪੈਂਦਾ ਨਹੀਂ ਦਿਸਿਆ,ਪਰ ਜੋ ਹਾਲਾਤ ਬਣ ਰਹੇ ਹਨ, ਉਸ ਤੋਂ ਅਗਲੇ ਵਿੱਤੀ ਸਾਲ ਦੌਰਾਨ ਇਨ੍ਹਾਂ ਦੇ ਐਨ ਪੀ ਏ ਵਿੱਚ ਭਾਰੀ ਵਾਧੇ ਦੀ ਸੂਰਤ ਬਣ ਰਹੀ ਹੈ। ਇਸ ਦਾ ਸੰਕੇਤ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨੇ ਆਪਣੀ ਤਾਜ਼ਾ ਰਿਪੋਰਟ ਵਿੱਚ ਦੇ ਦਿੱਤਾ ਹੈ।




ਆਮ ਬਜਟ 2021-22 ਨੂੰ ਅੰਤਿਮ ਰੂਪ ਦੇਣ ਵਿੱਚ ਲੱਗੇ ਵਿੱਤ ਮੰਤਰਾਲੇ ਦੇ ਅਧਿਕਾਰੀਆਂ ਦੇ ਸਾਹਮਣੇ ਅਜੇ ਵੱਡੀ ਚੁਣੌਤੀ ਇਹੀ ਹੈ ਕਿ ਐਨ ਪੀ ਏ ਵਧਣ ਦੀ ਸਥਿਤੀ ਵਿੱਚ ਬੈਂਕਾਂ ਦੀ ਵਾਧੂ ਪੂੰਜੀ ਦੀ ਲੋੜ ਨੂੰ ਕਿਸ ਤਰ੍ਹਾਂ ਪੂਰਾ ਕੀਤਾ ਜਾਏ। ਇਸ ਦੇ ਲਈ ਅਲਟਰਨੇਟਿਵ (ਬਦਲਾਂ) 'ਤੇ ਵਿਚਾਰ ਚੱਲ ਰਿਹਾ ਹੈ। ਬੈਂਕਾਂ ਵਿੱਚ ਸਰਕਾਰ ਦੀ ਹਿੱਸੇਦਾਰੀ ਸ਼ੇਅਰ ਬਾਜ਼ਾਰਾਂ ਦੇ ਜ਼ਰੀਏ ਵੇਚਣਾ ਅਤੇ ਉਸ ਰਕਮ ਦਾ ਬੈਂਕਾਂ ਵਿੱਚ ਨਿਵੇਸ਼ ਕਰਨਾ ਇਨ੍ਹਾਂ ਵਿੱਚੋਂ ਸਭ ਤੋਂ ਆਸਾਨ ਅਤੇ ਠੋਸ ਬਦਲ ਹੈ।ਬੈਂਕਿੰਗ ਖੇਤਰ ਦੇ ਸੂਤਰਾਂ ਮੁਤਾਬਕ ਪਿਛਲੇ ਦਿਨੀਂ ਆਰ ਬੀ ਆਈ ਅਤੇ ਵਿੱਤ ਮੰਤਰ-ਾਲੇ ਦਰਮਿਆਨ ਹੋਈ ਉਚ ਪੱਧਰੀ ਬੈਠਕ ਵਿੱਚ ਇਸ ਵਿਸ਼ੇ 'ਤੇ ਚਰਚਾ ਹੋਈ ਹੈ। ਆਰ ਬੀ ਆਈ ਦਾ ਮੁਲਾਂਕਣ ਕਹਿੰਦਾ ਹੈ ਕਿ ਬੈਂਕਾਂ ਨੂੰ ਅਗਲੇ ਸਾਲ 1.50 ਲੱਖ ਕਰੋੜ ਰੁਪਏ ਵਾਧੂ ਰਾਸ਼ੀ ਦੀ ਜ਼ਰੂਰਤ ਹੋ ਸਕਦੀ ਹੈ। ਇੰਨੀ ਵੱਡੀ ਰਕਮ ਬੈਂਕ ਆਪਣੇ ਤੌਰ 'ਤੇ ਇਕੱਠੀ ਨਹੀਂ ਕਰ ਸਕਦੇ। ਇਸ ਲਈ ਵੱਧ ਮਦਦ ਕੇਂਦਰ ਸਰਕਾਰ ਨੂੰ ਕਰਨੀ ਹੋਵੇਗੀ, ਪਰ ਖਜ਼ਾਨੇ ਦੀ ਮੌਜੂਦਾ ਸਥਿਤੀ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਵੀ ਜ਼ਿਆਦਾ ਰਾਸ਼ੀ ਜਾਰੀ ਕਰਨ ਦੀ ਸਥਿਤੀ ਵਿੱਚ ਨਹੀਂ ਹੈ। ਦੂਜੇ ਪਾਸੇ ਭਾਰਤੀ ਸ਼ੇਅਰ ਬਾਜ਼ਾਰ ਦੀ ਸਥਿਤੀ ਕਾਫੀ ਚੰਗੀ ਹੈ ਅਤੇ ਬੈਂਕਿੰਗ ਸ਼ੇਅਰਾਂ ਪ੍ਰਤੀ ਨਿਵੇਸ਼ਕਾਂ ਦਾ ਆਕਰਸ਼ਣ ਵੀ ਬਰਕਰਾਰ ਹੈ। ਇਸ ਦਾ ਫਾਇਦਾ ਉਠਾਉਂਦੇ ਹੋਏ ਸਰਕਾਰ ਕੁਝ ਬੈਂਕਾਂ ਵਿੱਚ ਆਪਣੀ ਹਿੱਸੇਦਾਰੀ ਘਟਾ ਕੇ ਤੁਰੰਤ ਵਾਧੂ ਸਾਧਨ ਪੈਦਾ ਕਰ ਸਕਦੀ ਹੈ।ਮੰਨਿਆ ਜਾ ਰਿਹਾ ਹੈ ਕਿ ਸਰਕਾਰ ਅਗਲੇ ਵਿੱਤ ਸਾਲ ਦੌਰਾਨ ਉਨ੍ਹਾਂ ਬੈਂਕਾਂ ਵਿੱਚ ਆਪਣੇ ਸ਼ੇਅਰਾਂ ਦੀ ਵਿਕਰੀ ਕਰ ਸਕਦੀ ਹੈ ਜਿਨ੍ਹਾਂ ਦਾ ਪਿਛਲੇ ਸਾਲ ਪਹਿਲੀ ਅਪ੍ਰੈਲ ਤੋਂ ਰਲੇਵਾਂ ਕੀਤਾ ਗਿਆ ਹੈ।

ਸਤੰਬਰ 2019 ਵਿੱਚ ਸਰਕਾਰ ਨੇ ਆਪਣੀ ਅਗਵਾਈ ਵਾਲੇ 10 ਬੈਂਕਾਂ ਦਾ ਆਪਸ ਵਿੱਚ ਰਲੇਵਾਂ ਕਰਵਾ ਕੇ ਚਾਰ ਬੈਂਕਾਂ ਵਿੱਚ ਬਦਲਣ ਦਾ ਫੈਸਲਾ ਕੀਤਾ ਸੀ, ਜੋ ਪਿਛਲੇ ਸਾਲ ਪਹਿਲੀ ਅਪ੍ਰੈਲ ਤੋਂ ਲਾਗੂ ਹੋਇਆ ਹੈ। ਇਸ ਪਿੱਛੋਂ ਪੰਜਾਬ ਨੈਸ਼ਨਲ ਬੈਂਕ (ਪੀ ਐਨ ਬੀ), ਕੇਨਰਾ ਬੈਂਕ, ਇੰਡੀਅਨ ਬੈਂਕ ਅਤੇ ਯੂਨੀਅਨ ਬੈਂਕ ਆਫ ਇੰਡੀਆ ਵਿੱਚ ਸਰਕਾਰ ਦੀ ਹਿੱਸੇਦਾਰੀ ਵਧ ਗਈ ਹੈ। ਸਤੰਬਰ 2020 ਵਿੱਚ ਪੀ ਐਨ ਬੀ ਵਿੱਚ ਸਰਕਾਰ ਦੀ ਹਿੱਸੇਦਾਰੀ 85 ਫੀਸਦੀ, ਕੇਨਰਾ ਬੈਂਕ ਵਿੱਚ ਅੱਸੀ ਫੀਸਦੀ, ਇੰਡੀਅਨ ਬੈਂਕ ਵਿੱਚ ਨੱਬੇ ਫੀਸਦੀ ਅਤੇ ਯੂਨੀਅਨ ਬੈਂਕ ਵਿੱਚ 92 ਫੀਸਦੀ ਹੋ ਗਈ ਹੈ। ਮੌਜੂਦਾ ਨਿਯਮਾਂ ਦੇ ਮੁਤਾਬਕ ਸਰਕਾਰੀ ਬੈਂਕਾਂ ਵਿੱਚ ਵਿਦੇਸ਼ੀ ਨਿਵੇਸ਼ਕਾਂ ਦੀ ਹਿੱਸੇਦਾਰੀ 20 ਫੀਸਦੀ ਤੱਕ ਹੋ ਸਕਦੀ ਹੈ, ਪਰ ਅਜੇ ਉਨ੍ਹਾਂ ਦੀ ਔਸਤ ਹਿੱਸੇਦਾਰੀ ਸਿਰਫ 9.8 ਫੀਸਦੀ ਹੈ।

# ਔਰੰਗਾਬਾਦ ਸ਼ਹਿਰ ਦਾ ਨਾਂਅ ਬਦਲਣ ਦਾ ਮੁੱਦਾ ਫਿਰ ਭਖਿਆ

ਮੁੰਬਈ, 4 ਜਨਵਰੀ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਔਰੰਗਾਬਾਦ ਸ਼ਹਿਰ ਦਾ ਨਾਂਅ ਬਦਲ ਕੇ ਸੰਭਾਜੀਨਗਰ ਕੀਤੇ ਜਾਣ ਦਾ ਮੁੱਦਾ ਫਿਰ ਭਖ ਗਿਆ ਹੈ। ਇਸ ਰਾਜ ਵਿੱਚ ਸੱਤਾਧਾਰੀ ਗਠਜੋੜ ਦੇ ਸਹਿਯੋਗੀ ਦਲ ਕਾਂਗਰਸ ਨੇ ਦੋ ਟੁਕ ਕਹਿ ਦਿੱਤਾ ਹੈ ਕਿ ਉਹ ਸ਼ਹਿਰ ਦਾ ਨਾਂਅ ਬਦਲਣ ਦੇ ਕਿਸੇ ਵੀ ਪ੍ਰਸਤਾਵ ਦਾ ਵਿਰੋਧ ਕਰੇਗੀ ਅਤੇ ਸਾਵਧਾਨ ਕੀਤਾ ਹੈ ਕਿ ਇਹ ਮਹਾਰਾਸ਼ਟਰ ਵਿਕਾਸ ਆਘਾੜੀ (ਐਮ ਵੀ ਏ) ਸਰਕਾਰ ਦੇ ਘੱਟੋ-ਘੱਟ ਸਾਂਝੇ ਪ੍ਰੋਗਰਾਮ ਦਾ ਹਿੱਸਾ ਨਹੀਂ ਹੈ।

ਚਾਰ ਮਹੀਨੇ ਬਾਅਦ ਔਰੰਗਾਬਾਦ ਮਹਾਨਗਰ ਪਾਲਿਕਾ ਦੀ ਹੋਣ ਵਾਲੀ ਚੋਣ ਨੂੰ ਦੇਖ ਕੇ ਸ਼ਿਵ ਸੈਨਾ ਕਰੀਬ ਤਿੰਨ ਦਹਾਕੇ ਪੁਰਾਣੇ ਆਪਣੇ ਇਸ ਅੰਦੋਲਨ ਨੂੰ ਫਿਰ ਸਿਆਸੀ ਮੰਚ 'ਤੇ ਪ੍ਰਮੁੱਖਤਾ ਨਾਲ ਰੱਖਣ ਦੀ ਕੋਸ਼ਿਸ਼ ਵਿੱਚ ਲੱਗੀ ਹੋਈ ਹੈ। ਉਸ ਨੇ ਦੱਸ ਦਿੱਤਾ ਹੈ ਕਿ ਇਹ ਉਸ ਲਈ ਭਾਵਨਾਤਮਕ ਮੁੱਦਾ ਹੈ, ਕਿਉਂਕਿ ਪਾਰਟੀ ਦੇ ਮੋਢੀ ਬਾਲਾ ਸਾਹਿਬ ਠਾਕਰੇ ਨੇ ਸੰਭਾਜੀਨਗਰ ਨਾਮਕਰਣ ਕਰਨ ਦੀ ਮੰਗ ਕੀਤੀ ਸੀ, ਜਿਸ ਦੀ ਕੇਵਲ ਕਾਗਜ਼ੀ ਕਾਰਵਾਈ ਪੂਰੀ ਕਰਨੀ ਹੈ, ਇਸ ਦਾ ਗਠਜੋੜ 'ਤੇ ਅਸਰ ਨਹੀਂ ਪਵੇਗਾ ਅਤੇ ਵਿਰੋਧੀ ਦਲਾਂ ਦੇ ਨੇਤਾ ਮਿਲ ਬੈਠ ਕੇ ਇਸ ਨੂੰ ਸੁਲਝਾ ਲੈਣਗੇ। ਮਰਾਠਾ ਭਾਈਚਾਰੇ ਦੇ ਮੈਂਬਰਾਂ ਨੇ ਕਾਂਗਰਸ ਦੇ ਰੁਖ਼ ਦੇ ਖਿਲਾਫ ਕੱਲ੍ਹ ਪ੍ਰਦਰਸ਼ਨ ਕੀਤਾ। ਕੇਂਦਰੀ ਮੰਤਰੀ ਅਤੇ ਆਰ ਪੀ ਆਈ (ਏ) ਨੇਤਾ ਰਾਮਦਾਸ ਅਠਾਵਲੇ ਨੇ ਕਿਹਾ ਕਿ ਨਾਮ ਬਦਲਣ ਦੇ ਮਸਲੇ 'ਤੇ ਉਧਵ ਸਰਕਾਰ ਡਿੱਗ ਸਕਦੀ ਹੈ। ਮਹਾਰਾਸ਼ਟਰ ਕਾਂਗਰਸ ਦੇ ਪ੍ਰਧਾਨ ਬਾਲਾ ਸਾਹਿਬ ਥੋਰਾਟ ਨੇ ਇਸੇ ਹਫਤੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਔਰੰਗਾਬਾਦ ਦਾ ਨਾਂਅ ਬਦਲਣ ਦੇ ਕਿਸੇ ਵੀ ਪ੍ਰਸਤਾਵ ਦਾ ਪੂਰਾ ਵਿਰੋਧ ਕਰੇਗੀ। ਇਸ 'ਤੇ ਸ਼ਿਵ ਸੈਨਾ ਨੇ ਕੱਲ੍ਹ ਕਿਹਾ ਕਿ ਉਸ ਨੂੰ ਯਕੀਨ ਹੈ ਕਿ ਐਮ ਵੀ ਏ ਮੈਂਬਰ ਇਸ ਦਾ ਹੱਲ ਜ਼ਰੂਰ ਕੱਢ ਲੈਣਗੇ।

ਸ਼ਿਵ ਸੈਨਾ ਨੇ ਆਪਣੇ ਅਖਬਾਰ 'ਸਾਮਨਾ' ਵਿੱਚ ਵਿਅੰਗ ਕੀਤਾ ਹੈ ਕਿ ਕਾਂਗਰਸ ਦੇ ਇਸ ਰੁਖ਼ ਤੋਂ ਭਾਜਪਾ ਖੁਸ਼ ਹੋ ਸਕਦੀ ਹੈ, ਪਰ ਕਾਂਗਰਸ ਦਾ ਇਹ ਵਿਰੋਧ ਪੁਰਾਣਾ ਹੈ। ਇਸ ਲਈ ਇਸ ਨੂੰ ਗਠਜੋੜ ਨਾਲ ਜੋੜਨਾ ਬੇਵਕੂਫੀ ਹੋਵੇਗੀ।ਭਾਜਪਾ ਨੇ ਕਿਹਾ ਹੈ ਕਿ ਇਸ ਮਾਮਲੇ 'ਤੇ ਕਾਂਗਰਸ ਅਤੇ ਸ਼ਿਵ ਸੈਨਾ ਰਾਜਨੀਤੀ ਅਤੇ ਨਾਟਕ ਕਰ ਰਹੇ ਹਨ। ਭਾਜਪਾ ਵਿਧਾਇਕ ਅਤੁਲ ਸਾਲਵੇ ਕਹਿੰਦੇ ਹਨ, "ਕੋਈ ਵੀ ਮੁਸਲਮਾਨ ਆਪਣੇ ਬੱਚੇ ਦਾ ਨਾਂਅ ਔਰੰਗਜ਼ੇਬ ਨਹੀਂ ਰੱਖਦਾ ਹੈ ਤਾਂ ਇਹ ਸ਼ਹਿਰ ਉਸ ਦੇ ਨਾਂਅ 'ਤੇ ਕਿਉਂ ਹੋਣਾ ਚਾਹੀਦੈ?"

# ਮਾਮਲਾ ਉਨੀਂਦਰੇਪਣ ਦਾ; ਸਵੇਰੇ ਐਕਸਰਸਾਈਜ਼ ਕਰਦੇ ਹੋਏ ਮਹਿਲਾ ਦੀ ਮੌਤ

ਲੰਡਨ, 4 ਜਨਵਰੀ (ਪੋਸਟ ਬਿਊਰੋ)- ਇਨਸਾਨ ਨੂੰ ਹਰ ਰੋਜ਼ ਕਸਰਤ ਕਰਨੀ ਚਾਹੀਦੀ ਹੈ, ਪਰ ਤੁਸੀਂ ਸੋਚ ਸਕਦੇ ਹੋ ਕਿ ਐਕਸਰਸਾਈਜ਼ ਦੇ ਸਮੇਂ ਵੀ ਕਿਸੇ ਇਨਸਾਨ ਦੀ ਜਾਨ ਜਾ ਸਕਦੀ ਹੈ। ਇੰਗਲੈਂਡ ਵਿੱਚ ਰਹਿੰਦੀ ਇੱਕ ਮਹਿਲਾ ਨੂੰ ਐਕਸਰਸਾਈਜ਼ ਕਰਨਾ ਭਾਰੀ ਪੈ ਗਿਆ। ਟੀ ਵੀ ਦੇਖਦੇ ਹੋਏ ਇਹ ਔਰਤ ਐਕਸਰਸਾਈਜ਼ ਕਰ ਰਹੀ ਸੀ ਕਿ ਕੁਝ ਦੇਰ ਵਿੱਚ ਉਹ ਅਚਾਨਕ ਹੇਠਾਂ ਡਿੱਗੀ ਅਤੇ ਹਸਪਤਾਲ ਪਹੁੰਚਦੇ ਹੀ ਉਸ ਨੇ ਦਮ ਤੋੜ ਦਿੱਤਾ। ਇਸ ਔਰਤ ਦੀ ਮੌਤ ਦੇ ਪਿੱਛੇ ਹੈਰਾਨ ਕਰਨ ਵਾਲੀ ਸੱਚਾਈਨਿਕਲੀ ਹੈ। ਨਾਰਥ ਵੇਲਜ਼ ਦੀ ਰਹਿਣ ਵਾਲੀ 46 ਸਾਲ ਦੀ ਜੋਨਾ ਲੀਚ ਆਪਣੇ ਪਤੀ ਜਸਟਿਨ ਬੇਬਿੰਸਨ ਅਤੇ ਤਿੰਨ ਬੱਚਿਆਂ ਨਾਲ ਰਹਿੰਦੀ ਸੀ ਅਤੇ ਉਹ ਕੇਅਰ ਵਰਕਰ ਦਾ ਉਹ ਕੰਮ ਕਰਦੀ ਸੀ ਤੇ ਉਹ ਨਾਈਟ ਸ਼ਿਫਟ ਵੀ ਕਰਦੀ ਸੀ। ਜਿਸ ਦਿਨ ਉਸ ਨਾਲ ਇਹ ਘਟਨਾ ਵਾਪਰੀ, ਉਸ ਦਿਨ ਉਹ ਨਾਈਟ ਸ਼ਿਫਟ ਕਰਕੇ ਆਈ ਸੀ, ਜਿਸ ਦੇ ਬਾਅਦ ਉਹ ਥੋੜ੍ਹੀ ਦੇਰ ਸੌਂ ਗਈ, ਪਰਨੀਂਦ ਨਾ ਆਉਣ ਦੇ ਕਾਰਨ ਉਹ ਬਿਸਤਰੇ 'ਚੋਂ ਉਠ ਕੇ ਐਕਸਰਸਾਈਜ਼ ਕਰਨ ਲੱਗੀ। ਜਦ ਇਹ ਘਟਨਾ ਹੋਈ ਉਦੋਂ ਉਹ ਟੀ ਵੀ ਦੇਖਦੇ ਹੋਏ ਐਕਸਰਸਾਈਜ਼-ਮਸ਼ੀਨ ਨਾਲ ਕਸਰਤ ਕਰ ਰਹੀ ਸੀ। ਇਸ ਦੌਰਾਨ ਉਹ ਅਚਾਨਕ ਹੇਠਾਂ ਡਿੱਗੀ ਅਤੇ ਬੇਹੋਸ਼ ਹੋ ਗਈ। ਇਸ ਦੇ ਬਾਅਦ ਉਸ ਦੇ ਪਤੀ ਨੇ ਉਸ ਨੂੰ ਕਾਹਲੀ ਵਿੱਚ ਐਂਬੂਲੈਂਸ ਜ਼ਰੀਏ ਹਸਪਤਾਲ ਪਹੁੰਚਾਇਆ, ਪਰ ਹਸਪਤਾਲ ਪਹੁੰਚਣ ਦੇ ਬਾਅਦ ਉਸ ਦੀ ਮੌਤ ਹੋ ਗਈ।ਡਾਕਟਰਾਂ ਨੇ ਦੱਸਿਆ ਕਿ ਨਾਈਟ ਸ਼ਿਫਟ ਕਰਕੇ ਆਉਣ ਦੇ ਬਾਅਦ ਉਸ ਨੇ ਨੀਂਦ ਪੂਰੀ ਕੀਤੇ ਬਿਨਾਂ ਹੀ ਐਕਸਰਸਾਈਜ਼ ਕੀਤੀ ਸੀ।

# ਆਕਸਫੋਰਡ ਅਤੇ ਭਾਰਤ ਬਾਇਓਟੈਕ ਦੇ ਕੋਵਿਡ-19 ਟੀਕਿਆਂ ਦੀ ਐਮਰਜੈਂਸੀ ਵਰਤੋਂ ਦੀ ਪ੍ਰਵਾਨਗੀ



ਨਵੀਂ ਦਿੱਲੀ, 4 ਜਨਵਰੀ (ਪੋਸਟ ਬਿਊਰੋ)- ਭਾਰਤ ਦੇ ਡਰੱਗ ਰੈਗੂਲੇਟਰ ਨੇ ਸੀਰਮ ਇੰਸਟੀਚਿਊ ਆਫ ਇੰਡੀਆ ਵੱਲੋਂ ਤਿਆਰ ਕੀਤੇ ਆਕਸਫੋਰਡ ਯੂਨੀਵਰਸਿਟੀ ਦੇ ਕੋਵਿਡ-19 ਟੀਕੇ 'ਕੋਵੀਸ਼ੀਲ' ਅਤੇ ਭਾਰਤ ਬਾਇਓਟੈਕ ਦੇ ਸਵਦੇਸ਼ ਵਿੱਚ ਵਿਕਸਿਤ ਟੀਕੇ 'ਕੋਵੈਕਸੀਨ' ਦੀ ਦੇਸ਼ ਵਿੱਚ ਸੀਮਿਤ ਐਮਰਜੈਂਸੀ ਵਰਤੋਂ ਨੂੰ ਪ੍ਰਵਾਨਗੀ ਦਿੱਤੀ ਹੈ। ਇਸ ਨਾਲ ਵੱਡੇ ਪੱਧਰ ਦੀ ਟੀਕਾਕਰਨ ਮੁਹਿੰਮ ਦਾ ਰਸਤਾ ਪੱਧਰਾ ਹੋ ਗਿਆ ਹੈ।

ਸੈਂਟਰਲ ਡਰੱਗਜ਼ ਸਟੈਂਡਰਡ ਕੰਟਰੋਲ ਆਰਗੇਨਾਈਜੇਸ਼ਨ (ਸੀ ਡੀ ਐਸ ਸੀ ਓ) ਦੀ ਕੋਵਿਡ-19 ਸਬੰਧੀ ਵਿਸ਼ਾ ਮਾਹਿਰ ਕਮੇਟੀ ਦੀ ਸਿਫਾਰਸ਼ ਉੱਤੇ ਭਾਰਤ ਦੇ ਡਰੱਗਜ਼ ਕੰਟਰੋਲ ਜਨਰਲ ਨੇ ਇਹ ਮਨਜ਼ੂਰੀ ਦਿੱਤੀ ਹੈ।ਇਸ ਦੇ ਨਾਲ ਹੀ ਡਰੱਗਜ਼ ਕੰਟਰੋਲਰ ਜਨਰਲ ਨੇ ਜਾਇਡਸ ਕੈਡਿਲਾ ਵੱਲੋਂ ਬਣਾਏ ਜਾ ਰਹੇ ਕੋਵਿਡ-19 ਦੇ ਇਸ ਦੇਸ਼ ਦੇ ਪਹਿਲੇ ਸੰਭਾਵੀ ਡੀ ਐਨ ਏ ਟੀਕੇ ਦੇ ਤੀਜੇ ਪੜਾਅ ਦੀ ਪਰਖ ਦੀ ਮਨਜ਼ੂਰੀ ਦੇ ਦਿੱਤੀ ਹੈ। ਡਰੱਗਜ਼ ਕੰਟਰੋਲਰ ਜਨਰਲ ਡਾ. ਵੇਣੂਗੋਪਾਲ ਜੀ ਸੋਮਾਨੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ "ਸੀ ਡੀ ਐਸ ਸੀ ਓ ਨੇ ਲੋੜੀਂਦੇ ਅਧਿਐਨ ਤੋਂ ਬਾਅਦ ਮਾਹਰ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਪ੍ਰਵਾਨ ਕਰਨ ਦਾ ਫੈਸਲਾ ਕੀਤਾ ਅਤੇ ਉਸੇ ਅਨੁਸਾਰ ਮੈਸਰਸ ਸੀਰਮ ਤੇ ਮੈਸਰਸ ਭਾਰਤ ਬਾਇਓਟੈਕ ਦੇ ਟੀਕਿਆਂ ਦੀ ਐਮਰਜੈਂਸੀ ਦੀ ਹਾਲਤ 'ਚ ਸੀਮਿਤ ਵਰਤੋਂ ਦੀ ਪ੍ਰਵਾਨਗੀ ਦਿੱਤੀ ਹੈ।" ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਜਿਨ੍ਹਾਂ 2 ਕੋਰੋਨਾ ਵੈਕਸੀਨਾਂ ਦੀ ਐਮਰਜੈਂਸੀ ਵਰਤੋਂ ਨੂੰ ਪ੍ਰਵਾਨਗੀ ਦਿੱਤੀ ਹੈ, ਉਹ 110 ਫੀਸਦੀ ਸੁਰੱਖਿਅਤ ਹਨ। ਕਿਸੇ ਵੈਕਸੀਨ ਦੇ ਵਿਸ਼ੇ 'ਚ ਸੁਰੱਖਿਆ ਨਾਲ ਸਬੰਧਤ ਕੋਈ ਵੀ ਚਿੰਤਾ ਹੋਵੇਗੀ ਤਾਂ ਕਦੇ ਪ੍ਰਵਾਨ ਨਹੀਂ ਕੀਤਾ ਜਾਵੇਗਾ। ਇਨ੍ਹਾਂ ਵੈਕਸੀਨਾਂ ਦੇ ਸਾਈਡ ਇਫੈਕਟ ਬਿਲਕੁਲ ਹੋਰ ਵੈਕਸੀਨਾਂ ਵਰਗੇ ਹਨ। ਇਸ ਨਾਲ ਹਲਕਾ ਬੁਖਾਰ ਹੋਣਾ, ਹਲਕਾ ਦਰਦ ਤੇ ਐਲਰਜੀ ਹੋਣਾ ਆਮ ਗੱਲ ਹੈ। ਕੋਰੋਨਾ ਵੈਕਸੀਨ ਨਾਲ ਨਪੁੰਸਕ ਹੋਣ ਦੀ ਗੱਲ ਬਿਲਕੁਲ ਹੀ ਬਕਵਾਸ ਹੈ।

# ਕੰਗਨਾ ਨੂੰ ਉਰਮਿਲਾ ਨੇ ਕਿਹਾ; ਮੈਂ ਮਿਹਨਤ ਦੀ ਕਮਾਈ ਕੀਤੀ ਅਤੇ ਦਫਤਰ ਖਰੀਦਿਐ

ਮੁੰਬਈ, 4 ਜਨਵਰੀ (ਪੋਸਟ ਬਿਊਰੋ)- 'ਰੰਗੀਲਾ' ਫਿਲਮ ਦੀ ਅਭਿਨੇਤਰੀ ਉਰਮਿਲਾ ਮਾਤੋਂਡਕਰ ਨੇ ਦਫਤਰ ਖਰੀਦਣ ਦੇ ਮਾਮਲੇ ਵਿੱਚ ਕੰਗਨਾ ਰਣੌਤ ਦੀ ਟਿੱਪਣੀ 'ਤੇ ਕਰਾਰਾ ਜਵਾਬ ਦਿੱਤਾ ਹੈ।



ਅਸਲ ਵਿੱਚ ਉਰਮਿਲਾ ਦੇ ਕਾਂਗਰਸ ਛੱਡ ਕੇ ਸ਼ਿਵ ਸੈਨਾ ਵਿੱਚ ਸ਼ਾਮਲ ਹੋਣ ਦੇ ਕੁਝ ਹਫਤਿਆਂ ਦੇ ਬਾਅਦ ਮੁੰਬਈ ਵਿੱਚ ਇੱਕ ਸ਼ਾਨਦਾਰ ਦਫਤਰ ਖਰੀਦਣ ਦੀ ਖਬਰ ਆਈ ਸੀ। ਉਸ ਦੀ ਕੀਮਤ ਤਿੰਨ ਕਰੋੜ ਰੁਪਏ ਤੋਂ ਵੱਧ ਦੱਸੀ ਗਈ ਹੈ।ਕੰਗਨਾ ਰਣੌਤ ਨੇ ਉਰਮਿਲਾ ਨੂੰ ਨਿਸ਼ਾਨਾ ਬਣਾ ਕੇ ਟਵਿੱਟਰ 'ਤੇ ਲਿਖਿਆ, ਪ੍ਰਿਆ ਉਰਮਿਲਾ ਮਾਤੋਂਡਕਰ ਜੀ, ਮੈਂ ਜੋ ਆਪਣੀ ਮਿਹਨਤ ਨਾਲ ਘਰ ਬਣਾਏ, ਉਹ ਵੀ ਕਾਂਗਰਸ ਤੋੜ ਰਹੀ ਹੈ। ਸੱਚੀਂ ਭਾਜਪਾ ਨੂੰ ਖੁਸ਼ ਕਰ ਕੇ ਮੇਰੇ ਹੱਥ ਸਿਰਫ 25-30 ਕੇਸ (ਮੁਕੱਦ-ਮੇ) ਲੱਗੇ ਹਨ। ਕਾਸ਼, ਮੈਂ ਤੁਹਾਡੀ ਤਰ੍ਹਾਂ ਸਮਝਦਾਰ ਹੁੰਦੀ ਤਾਂ ਕਾਂਗਰਸ ਨੂੰ ਖੁਸ਼ ਕਰਦੀ, ਮੈਂ ਕਿੰਨੀ ਬੇਵਕੂਫ ਹਾਂ ਨਾ? ਇਸ ਦੇ ਜਵਾਬ ਵਿੱਚ ਉਰਮਿਲਾ ਨੇ ਵੀਡੀਓ ਪੋਸਟ ਕਰਦਿਆਂ ਮੰਨਿਆ ਹੈ ਕਿ ਉਨ੍ਹਾਂ ਨੇ ਕਮਰਸ਼ੀਅਲ ਜਗ੍ਹਾ ਖਰੀਦੀ ਹੈ, ਪਰ ਉਹ ਆਪਣੇ ਪੈਸੇ ਨਾਲ ਲਈ ਹੈ, ਕਿਸੇ ਪਾਰਟੀ ਦੇ ਪੈਸਿਆਂ ਨਾਲ ਨਹੀਂ। ਉਸ ਨੇ ਵੀਡੀਓ ਵਿੱਚ ਕਿਹਾ ਹੈ ਕਿ ਕੰਗਨਾ ਜੀ, ਤੁਹਾਡੇ ਮੇਰੇ ਬਾਰੇ ਵਿੱਚ ਜੋ ਉਚ ਖਿਆਲ ਹਨ, ਉਹ ਮੈਂ ਤੇ ਪੂਰਾ ਦੇਸ਼ ਸੁਣ ਚੁੱਕਾ ਹੈ। ਪੂਰੇ ਦੇਸ਼ ਦੇ ਸਾਹਮਣੇ ਦੱਸਣਾ ਚਾਹੁੰਦੀ ਹਾਂ ਕਿ ਜਗ੍ਹਾ ਤੇ ਸਮੇਂ ਦੀ ਚੋਣ ਤੁਸੀਂ ਕਰੋ, ਮੈਂ ਸਾਰੇ ਕਾਗਜ਼ ਲੈ ਕੇ ਜ਼ਰੂਰ ਪਹੁੰਚ ਜਾਵਾਂਗੀ। ਇਹ ਲੈਣ-ਦੇਣ ਰਾਜਨੀਤੀ ਵਿੱਚ ਆਉਣ ਤੋਂ ਪਹਿਲੇ ਹਨ। ਉਸ ਦੇ ਬਦਲੇ ਤੁਸੀਂ ਛੋਟੀ ਜਿਹੀ ਲਿਸਟ ਲੈਂਦੇ ਆਉਣਾ, ਜਿਸ ਵਿੱਚ ਤੁਸੀਂ ਵਾਅਦਾ ਕੀਤਾ ਸੀ ਕਿ ਤੁਹਾਡੇ ਕੋਲ ਕਈ ਅਜਿਹੇ ਲੋਕਾਂ ਦੇ ਨਾਂਅ ਹਨ, ਜੋ ਤੁਸੀਂ ਨਾਰਕੋਟਿਕਸ ਕੰਟਰੋਲ ਬਿਊਰੋ (ਐਨ ਸੀ ਬੀ) ਨੂੰ ਦੇਣਾ ਚਾਹੁੰਦੇ ਹੋ। ਉਰਮਿਲਾ ਨੇ ਦੱਸਿਆ ਕਿ ਮਾਰਚ ਦੇ ਪਹਿਲੇ ਹਫਤੇ ਅੰਧੇਰੀ ਦੇ ਡੀ ਐਨ ਨਗਰ ਵਿੱਚ ਉਸ ਨੇ ਫਲੈਟ ਵੇਚਿਆ ਸੀ, ਪਰ ਲਾਕਡਾਊਨ ਦੇ ਕਾਰਨ ਨਵਾਂ ਦਫਤਰ ਨਹੀਂ ਲੈ ਸਕੀ ਸੀ। ਝੂਠੀਆਂ ਗੱਲਾਂ ਕਹਿ ਕੇ ਉਨ੍ਹਾਂ ਦਾ ਮਨੋਬਲ ਨਾ ਤੋੜਿਆ ਜਾਏ। ਉਨ੍ਹਾਂ ਨੇ ਜ਼ਿੰਦਗੀ ਵਿੱਚ ਕੋਈ ਫਰਜ਼ੀ ਅਤੇ ਦੋ ਨੰਬਰੀ ਕੰਮ ਨਹੀਂ ਕੀਤੇ। ਉਨ੍ਹਾਂ ਦਾ ਨਾਂਅ ਬਦਨਾਮ ਨਾ ਕਰੋ। ਉਹ ਮਹਾਰਾਸ਼ਟਰ ਦੀ ਬੇਟੀ ਹੈ ਅਤੇ ਸਖਤ ਮਿਹਨਤ ਦੇ ਬਾਅਦ ਇਸ ਮੁਕਾਮ 'ਤੇ ਪਹੁੰਚੀ ਹੈ। ਉਨ੍ਹਾਂ ਨੇ ਜੈ ਮਹਾਰਾਸ਼ਟਰ ਅਤੇ ਗਣਪਤੀ ਬੱਪਾ ਮੋਰਿਆ ਕਿਹਾ। ਉਰਮਿਲਾ ਨੇ ਸਾਲ 2016 ਵਿੱਚ ਕਸ਼ਮੀਰੀ ਮਾਡਲ ਅਤੇ ਬਿਜ਼ਨਸਮੈਨ ਮੋਹਸਿਨ ਅਖਤਰ ਮੀਰ ਨਾਲ ਵਿਆਹ ਕੀਤਾ ਸੀ।

# ਪਾਕਿਸਤਾਨ 'ਚ ਸ਼ੀਆ ਹਜ਼ਾਰਾ ਭਾਈਚਾਰੇ ਦੇ 11 ਜਣਿਆਂ ਦੀ ਹੱਤਿਆ

ਕਰਾਚੀ, 4 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਘੱਟ ਗਿਣਤੀਆਂ ਸ਼ੀਆ ਹਜ਼ਾਰਾ ਭਾਈਚਾਰੇ ਨਾਲ ਸਬੰਧਤ 11 ਖਾਣ ਮਜ਼ਦੂਰਾਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ।



ਅਣਪਛਾਤੇ ਬੰਦੂਕਧਾਰੀਆਂ ਨੇ ਪਹਿਲਾਂ ਇਨ੍ਹਾਂ ਨੂੰ ਗੜਬੜੀ ਵਾਲੇ ਬਲੋਚਿਸਤਾਨ ਸੂਬੇ ਤੋਂ ਅਗਵਾ ਕੀਤਾ ਤੇ ਫਿਰ ਹੱਤਿਆ ਕਰ ਦਿੱਤੀ। ਗੋਲੀਬਾਰੀ ਵਿੱਚ ਚਾਰ ਜਣੇ ਜ਼ਖਮੀ ਵੀ ਹੋਏ ਹਨ। ਪੁਲਸ ਮੁਤਾਬਕ ਜਦ ਇਨ੍ਹਾਂ ਨੂੰ ਅਗਵਾ ਕੀਤਾ ਗਿਆ ਤਾਂ ਇਹ ਖਾਣ ਵਿੱਚ ਕੰਮਕਰਨ ਜਾ ਰਹੇਸਨ। ਹਮਲਾਵਰ ਘੱਟ ਗਿਣਤੀ ਭਾਈਚਾਰੇ ਦੇ ਮਜ਼ਦੂਰਾਂ ਨੂੰ ਨੇੜਲੀਆਂ ਪਹਾੜੀਆਂ ਕੋਲ ਲੈ ਗਏ ਅਤੇ ਗੋਲੀ ਮਾਰ ਦਿੱਤੀ। ਛੇ ਜਣੇ ਮੌਕੇ 'ਤੇ ਮਾਰੇ ਗਏ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਹਮਲਾਵਰਾਂ ਨੇ ਪਹਿਲਾਂ ਸਾਰੇ ਮਜ਼ਦੂਰਾਂ ਵਿੱਚੋਂ ਸ਼ੀਆ ਹਜ਼ਾਰਾ ਭਾਈਚਾਰੇ ਦੇ ਮੈਂਬਰਾਂ ਦੀ ਪਛਾਣ ਕੀਤੀ ਤੇ ਬਾਕੀਆਂ ਦਾ ਨੁਕਸਾਨ ਕੀਤੇ ਬਿਨਾਂ ਉਨ੍ਹਾਂ ਨੂੰ ਅਗਵਾ ਕਰ ਕੇ ਲੈ ਗਏ ਸਨ।

ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇਨ੍ਹਾਂ ਹੱਤਿਆਵਾਂ ਦੀ ਨਿਖੇਧੀ ਕੀਤੀ ਅਤੇ ਘਟਨਾ ਨੂੰ ਇੱਕ ਹੋਰ ਕਾਇਰਾਨਾ ਕਾਰਵਾਈ ਅਤੇ ਅਣਮਨੁੱਖੀ ਅੱਤਵਾਦੀ ਕਾਰਾ ਕਰਾਰ ਦਿੱਤਾ ਹੈ। ਇਮਰਾਨ ਨੇ ਕਿਹਾ ਕਿ ਹਮਲਾਵਰਾਂ ਨੂੰ ਕਾਬੂ ਕਰਨ ਲਈ ਪੁਲਸ ਨੇ ਵੱਡੀ ਮੁਹਿੰਮ ਆਰੰਭੀ ਹੈ। ਹਾਲੇ ਕਿਸੇ ਨੇ ਘਟਨਾ ਦੀ ਜ਼ਿੰਮੇਵਾਰੀ ਨਹੀਂਲਈ, ਪਰ ਸੁੰਨੀ ਕੱਟੜਵਾਦੀ ਸੰਗਠਨ ਲਸ਼ਕਰ ਏ ਝਾਂਗਵੀ ਹਜ਼ਾਰਾ ਭਾਈਚਾਰੇ ਨੂੰ ਬਲੋਚਿਸਤਾਨ ਵਿੱਚ ਨਿਸ਼ਾਨਾ ਬਣਾਉਂਦਾ ਰਿਹਾ ਹੈ।

ਇਸ ਦੌਰਾਨ ਪਿਸ਼ਾਵਰ-ਪਾਕਿਸਤਾਨ ਦੇ ਖ਼ੈਬਰ ਪਖਤੂਨਖਵਾ ਸੂਬੇ ਵਿੱਚ ਇੱਕ ਕੱਟੜ ਇਸਲਾਮੀ ਧੜੇ ਦੇ ਮੈਂਬਰਾਂ ਵੱਲੋਂ ਹਿੰਦੂ ਮੰਦਰ ਦੀ ਭੰਨ ਤੋੜ ਦੇ ਕੇਸ ਵਿੱਚ ਅੱਠ ਪੁਲਸ ਅਫਸਰਾਂ ਨੂੰ ਸਸਪੈਂਡ ਕੀਤਾ ਗਿਆ ਹੈ। ਇਨ੍ਹਾਂ 'ਤੇ ਡਿਊਟੀ ਵਿੱਚ ਅਣਗਹਿਲੀ ਦਾ ਦੋਸ਼ ਹੈ। ਮੰਦਰ ਨੂੰ ਨੁਕਸਾਨ ਤੇ ਅੱਗ ਲਾਉਣ ਦੇ ਦੋਸ਼ਲ ਵਿੱਚ 100 ਜਣਿਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਇਸ ਘਟਨਾ ਲਈ ਦਰਜ ਕੀਤੀ ਗਈ ਐਫ ਆਈ ਆਰ ਵਿੱਚ 350 ਜਣਿਆਂ ਦਾ ਨਾਂਅ ਦਰਜ ਹੈ।

# ਬੇਕਸੂਰ ਨੂੰ 28 ਸਾਲ ਜੇਲ੍ਹ 'ਚ ਰੱਖਣ ਬਦਲੇ ਸਰਕਾਰ ਨੇ 72 ਕਰੋੜ ਰੁਪਏ ਜਿੰਨਾ ਹਰਜਾਨਾ ਦਿੱਤਾ

ਵਾਸ਼ਿੰਗਟਨ, 4 ਜਨਵਰੀ (ਪੋਸਟ ਬਿਊਰੋ)- ਅਮਰੀਕਾ ਵਿੱਚ ਇੱਕ ਕਾਲੇ ਵਿਅਕਤੀ ਨੂੰ ਉਸ ਅਪਰਾਧ ਲਈ 28 ਸਾਲ ਜੇਲ੍ਹ ਵਿੱਚ ਰੱਖਿਆ ਗਿਆ, ਜਿਹੜਾਂ ਉਸ ਨੇ ਕੀਤਾ ਹੀ ਨਹੀਂ ਸੀ। ਸਰਕਾਰ ਵੱਲੋਂ ਹਰਜਾਨੇ ਦੇ ਤੌਰ 'ਤੇ ਇਸ ਵਿਅਕਤੀ ਨੂੰ 71.6 ਕਰੋੜ ਰੁਪਏ ਦੇ ਬਰਾਬਰ ਰਕਮ ਮਿਲਣ ਲੱਗੀ ਹੈ।



ਪਤਾ ਲੱਗਾ ਹੈ ਕਿ ਅਮਰੀਕਾ ਦੇ ਫਿਲਾਡੈਲਫੀਆ ਵਿੱਚ ਕਤਲ ਦੇ ਇੱਕ ਮਾਮਲੇ ਵਿੱਚ ਚੈਸਟਰ ਹਾਲਮੈਨ ਨਾਂਅ ਦੇ ਵਿਅਕਤੀ ਨੂੰ ਜੇਲ੍ਹ ਵਿੱਚ ਬੰਦ ਕੀਤਾ ਗਿਆ ਸੀ। ਇਸ ਦਾ ਜਦ ਸੱਚ ਜਦ ਬਾਹਰ ਆਇਆ ਤਾਂ 2019 ਵਿੱਚ ਚੈਸਟਰ ਨੂੰ ਜੇਲ੍ਹ ਵਿੱਚੋਂ ਛੱਡ ਦਿੱਤਾ ਗਿਆ। ਜਾਂਚ ਦੌਰਾਨ ਪਤਾ ਲੱਗਾ ਸੀ ਕਿ ਮਾਮਲੇ ਦੇ ਅਹਿਮ ਗਵਾਹ ਨੇ 1991 ਵਿੱਚ ਝੂਠ ਬੋਲ ਕੇ ਚੈਸਟਰ ਨੂੰ ਫਸਾ ਦਿੱਤਾ ਸੀ। ਬਾਅਦ ਵਿੱਚ ਗਲਤ ਸਜ਼ਾ ਦੇ ਲਈ ਚੈਸਟਰ ਨੇ ਸੂਬਾ ਸਰਕਾਰ 'ਤੇ ਕੇਸ ਕੀਤਾ ਸੀ। ਬੀਤੇ ਦਿਨੀਂ ਫਿਲਾਡੈਲਫੀਆ ਪ੍ਰਸ਼ਾਸਨ ਨੇ ਮੁਆਵਜ਼ੇ ਦੀ ਰਕਮ ਦਾ ਐਲਾਨ ਕੀਤਾ। ਦੋਵਾਂ ਧਿਰਾਂ ਦੇ ਸਮਝੌਤੇ ਵਿੱਚ ਸਰਕਾਰ ਜਾਂ ਸਰਕਾਰ ਦੇ ਕਿਸੇ ਕਰਮਚਾਰੀ ਨੇ ਗਲਤੀ ਨਹੀਂ ਮੰਨੀ। ਫਿਲਾਡੈਲਫੀਆ ਦੇ ਮੇਅਰ ਜਿਮ ਕੇਨੀ ਨੇ ਕਿਹਾ ਕਿ ਸਮਝੌਤਾ ਤਾਂ ਠੀਕ ਹੈ, ਪਰ ਕਿਸੇ ਦੀ ਆਜ਼ਾਦੀ ਦੀ ਕੋਈ ਕੀਮਤ ਨਹੀਂ ਹੋ ਸਕਦੀ। ਓਧਰ ਚੈਸਟਰ ਨੇ ਕਿਹਾ ਕਿ 28 ਸਾਲ ਦੇ ਬਾਅਦ ਆਜ਼ਾਦੀ ਵਾਪਸ ਮਿਲਣ ਦਾ ਅਨੁਭਵ ਕੌੜਾ ਹੈ ਅਤੇ ਸੁਖਦਾਈ ਵੀ ਹੈ।

# ਅਮਰੀਕੀ ਸੈਨੇਟ ਦੇ 11 ਮੈਂਬਰਾਂ ਵੱਲੋਂ ਇਲੈਕਟੋਰਲ ਕਾਲਜ ਦੇ ਫੈਸਲੇ ਨੂੰ ਚੁਣੌਤੀ

ਵਾਸ਼ਿੰਗਟਨ, 4 ਜਨਵਰੀ (ਪੋਸਟ ਬਿਊਰੋ)- ਅਮਰੀਕੀ ਪਾਰਲੀਮੈਂਟ ਦੇ ਉਤਲੇ ਸਦਨ ਸੈਨੇਟ ਦੇ ਰਿਪਬਲੀਕਨ ਪਾਰਟੀ ਦੇ 11 ਮੈਂਬਰ ਰਾਸ਼ਟਰਪਤੀ ਚੋਣਾਂ ਦੇ ਇਲੈਕਟੋਰਲ ਕਾਲਜ ਦੇ ਫੈਸਲੇ ਨੂੰ ਚੁਣੌਤੀ ਦੇਣ ਜਾ ਰਹੇ ਹਨ।



ਨਿਊਜ਼ ਵੈਬਸਾਈਟ 'ਦਿ ਹਿੱਲ' ਨੇ ਆਪਣੀ ਰਿਪੋਰਟ ਵਿੱਚ ਦੱਸਿਆ ਕਿ ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਈਡੇਨ ਦੀ ਚੋਣ ਵਿੱਚ ਜਿੱਤ ਦੀ ਪੁਸ਼ਟੀ ਕਰਨ ਲਈ ਕਾਂਗਰਸ ਦਾ ਸਾਂਝਾ ਸੈਸ਼ਨ ਸੱਦਿਆ ਜਾਵੇਗਾ, ਜਿਸ ਵਿੱਚ ਇਹ 11 ਮੈਂਬਰ ਆਪਣੀ ਮੰਗ ਰੱਖਣਗੇ।ਰਿਪਬਲੀਕਨ ਪਾਰਟੀ ਦੇ ਸੈਨੇਟ ਦੇ 11 ਮੈਂਬਰਾਂ ਨੇ ਇੱਕ ਸਾਂਝਾ ਬਿਆਨ ਜਾਰੀ ਕਰਕੇ ਕਿਹਾ, "ਕਾਂਗਰਸ ਨੂੰ ਤੁਰੰਤ ਇੱਕ ਇਲੈਕਟੋਰਲ ਕਮਿਸ਼ਨ ਦਾ ਬਣਾਉਣਾ ਚਾਹੀਦਾ ਹੈ, ਜਿਸ ਨੂੰ ਰਾਸ਼ਟਰਪਤੀ ਚੋਣਾਂ ਦੀ ਜਾਂਚ ਕਰਨ ਦੀ ਸੰਪੂਰਨ ਸ਼ਕਤੀ ਦਿੱਤੀ ਜਾਵੇ ਤਾਂ ਜੋ ਵਿਵਾਦ ਗ੍ਰਸਤ ਰਾਜਾਂ ਵਿੱਚ ਉਹ 10 ਦਿਨਾਂ ਅੰਦਰ ਚੋਣ ਨਤੀਜਿਆਂ ਦੀ ਜਾਂਚ ਕਰਵਾ ਸਕਣ।" ਰਾਸ਼ਟਰਪਤੀ ਚੋਣਾਂ ਦੇ 14 ਦਸੰਬਰ ਨੂੰ ਐਲਾਨੇ ਅਧਿਕਾਰਤ ਨਤੀਜਿਆਂ ਮੁਤਾਬਕ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜੋ ਬਾਈਡੇਨ ਨੂੰ 306 ਵੋਟਾਂ ਤੇ ਰਿਪਬਲੀਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਨੂੰ 232 ਇਲੈਕਟੋਰਲ ਵੋਟਾਂ ਮਿਲੀਆਂ। ਇਸ ਦੇ ਬਾਵਜੂਦ ਟਰੰਪ ਚੋਣਾਂ ਵਿੱਚ ਆਪਣੀ ਹਾਰ ਮੰਨਣ ਤੋਂ ਇਨਕਾਰ ਕਰਦੇ ਹਨ।

# ਕੈਲੇਫੋਰਨੀਆ ਦੇ ਕਬਰਸਤਾਨਾਂ 'ਚ ਹੋਰ ਲਾਸ਼ਾਂ ਲਈ ਜਗ੍ਹਾ ਨਹੀਂ ਬਚੀ

ਲਾਸਏਂਜਲਸ, 4 ਜਨਵਰੀ (ਪੋਸਟ ਬਿਊਰੋ)-ਅਮਰੀਕਾ 'ਚ ਕੋਰੋਨਾ ਵਾਇਰਸ ਦੇ ਕਾਰਨ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਵਾਇਰਸ ਦਾ ਕਹਿਰ ਇੰਨਾ ਵਧ ਗਿਆ ਕਿ ਕਬਰਸਤਾਨਾਂ 'ਚ ਲਾਸ਼ਾਂ ਲਈ ਜਗ੍ਹਾ ਨਹੀਂ ਬਚੀ।

ਦੱਖਣੀ ਕੈਲੇਫੋਰਨੀਆ 'ਚ ਕਬਰਸਤਾਨਾਂ ਦੇ ਇੱਕ ਸੰਗਠਨ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਸੋਗ ਗ੍ਰਸਤ ਪਰਵਾਰਾਂ ਨੂੰ ਮੋੜਨਾ ਪੈ ਰਿਹਾ ਹੈ ਕਿਉਂਕਿ ਇੱਥੇ ਲਾਸ਼ਾਂ ਦੇ ਢੇਰ ਲੱਗ ਰਹੇ ਹਨ ਅਤੇ ਹੋਰ ਲਾਸ਼ਾਂ ਲਈ ਜਗ੍ਹਾ ਨਹੀਂ ਬਚੀ। ਲਾਸ ਏਂਜਲਸ 'ਚ ਕਾਂਟੀਨੈਂਟਲ ਫਿਊਨਰਲ ਹੋਮਸ ਦੀ ਮਾਗਦਾ ਮੇਲਡੋਨਾਡੋ ਨੇ ਕਿਹਾ, "ਇਸ ਖੇਤਰ 'ਚ ਮੈਂ ਬੀਤੇ 40 ਸਾਲਾਂ ਤੋਂ ਕੰਮ ਕਰ ਰਹੀ ਹਾਂ ਅਤੇ ਮੈਂ ਇਸ ਤੋਂ ਪਹਿਲਾਂ ਕਦੇ ਨਹੀਂ ਸੋਚਿਆ ਸੀ ਕਿ ਅਜਿਹਾ ਹੋ ਸਕਦਾ ਹੈ। ਸਾਨੂੰ ਪਰਵਾਰਾਂ ਨੂੰ ਕਹਿਣਾ ਪੈ ਰਿਹਾ ਹੈ ਕਿ ਅਸੀਂ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ ਇੱਥੇ ਨਹੀਂ ਲੈ ਸਕਾਂਗੇ।"

ਜਾਨ ਹਾਪਕਿਨਸ ਯੂਨੀਵਰਸਿਟੀ ਦੇ ਅੰਕੜਿਆਂ ਮੁਤਾਬਕ ਅਮਰੀਕਾ 'ਚ ਕੋਵਿਡ-19 ਦੇ ਕਾਰਨ 3,50,000 ਲੋਕਾਂ ਦੀ ਮੌਤ ਹੋ ਚੁੱਕੀ ਹੈ। ਦੇਸ਼ 'ਚ 2 ਕਰੋੜ ਤੋਂ ਜ਼ਿਆਦਾ ਲੋਕ ਵਾਇਰਸ ਤੋਂ ਪੀੜਤ ਹਨ। ਮੇਲ-ਡੋਨਾਡੋ ਨੇ ਦੱਸਿਆ ਕਿ ਕਾਂਟੀਨੈਂਟਲ ਫਿਊਨਰਲ ਹੋਮਸ 'ਚ ਰੋਜ਼ਾਨਾ ਔਸਤਨ 30 ਲਾਸ਼ਾਂ ਲਿਆਂਦੀਆਂ ਜਾ ਰਹੀਆਂ ਹਨ, ਜੋ ਆਮ ਨਾਲੋਂ 6 ਗੁਣਾ ਜ਼ਿਆਦਾ ਹਨ। ਜ਼ਿਆਦਾਤਰ ਕਬਰਸਤਾਨਾਂ 'ਚ ਇਹੀ ਹਾਲਤ ਹੈ। ਕੈਲੇਫੋਰਨੀਆ ਦੇ ਲਾਸ ਏਂਜਲਸ ਕਾਊਂਟੀ 'ਚ ਹੁਣ ਤੱਕ 10,000 ਪੀੜਤਾਂ ਦੀ ਮੌਤ ਹੋ ਚੁੱਕੀ ਹੈ।

# ਇਸਲਾਮਾਬਾਦ ਹਾਈਕੋਰਟ ਨੇ ਰੱਖਿਆ ਮੰਤਰੀ ਦੇ ਸਕੱਤਰ ਤੇ ਹੋਰਨਾਂ ਨੂੰ 1 ਕਰੋੜ ਜ਼ੁਰਮਾਨਾ ਲਾਇਆ

ਇਸਲਾਮਾਬਾਦ, 4 ਜਨਵਰੀ (ਪੋਸਟ ਬਿਊਰੋ)- ਇਸਲਾਮਾਬਾਦ ਹਾਈਕੋਰਟ ਨੇ ਛੇ ਸਾਲ ਪਹਿਲਾਂ ਇਸਲਾਮਾਬਾਦ ਤੋਂ ਦਿਨ-ਦਿਹਾੜੇ ਕਿਡਨੈਪ ਹੋਏ ਵਿਅਕਤੀ ਨੂੰ ਛੁਡਾਉਣ ਵਿੱਚ ਅਸਫਲ ਰਹਿਣ 'ਤੇ ਰੱਖਿਆ ਮੰਤਰਾਲੇ ਦੇ ਸੈਕਟਰੀ ਸਮੇਤ ਕਈ ਅਧਿਕਾਰੀਆਂ 'ਤੇ 1 ਕਰੋੜ ਰੁਪਏ ਦਾ ਜ਼ੁਰਮਾਨਾ ਲਾਇਆ ਹੈ। ਇਸ ਸੰਬੰਧ ਵਿੱਚ ਇਸਲਾਮਾਬਾਦ ਹਾਈਕੋਰਟ ਦੇ ਜੱਜ ਮੋਹਸਿਨ ਅਖਤਰ ਕਿਆਨੀ ਨੇ ਆਪਣੇ ਛੇ ਸਫਿਆਂ ਦੇ ਹੁਕਮ ਵਿੱਚ ਕਿਹਾ ਹੈ ਕਿ ਉਹ ਗ੍ਰਹਿ ਅਤੇ ਰੱਖਿਆ ਮੰਤਰਾਲੇ ਦੇ ਸੈਕਟਰੀ ਦੇ ਨਾਲ-ਨਾਲ ਪੁਲਸ ਵਿਭਾਗ ਦੇ ਕਾਰਜਾਂ ਤੋਂ ਵੀ ਸੰਤੁਸ਼ਟ ਨਹੀਂ। ਕੋਰਟ ਨੇ ਇਹ ਗੱਲਾਂ 28 ਅਗਸਤ 2014 ਨੂੰ ਛੇ ਵਿਅਕਤੀਆਂ ਵੱਲੋਂ ਦਿਨ-ਦਿਹਾੜੇ ਕਿਡਨੈਪ ਕੀਤੇ ਗਏ ਗੁਲਾਮ ਕਾਦਿਰ ਦੇ ਭਰਾ ਵੱਲੋਂ ਦਾਇਰ ਅਰਜ਼ੀ ਦਾ ਨਿਪਟਾਰਾ ਕਰਦੇ ਹੋਏ ਕਹੀਆਂ।ਕੋਰਟ ਨੇ ਕਿਹਾ, "ਇਸ ਲਈ ਕੋਰਟ ਗ੍ਰਹਿ ਮੰਤਰਾਲੇ ਦੇ ਸੈਕਟਰੀ, ਰੱਖਿਆ ਮੰਤਰਾਲੇ ਦੇ ਸੈਕਟਰੀ, ਐਸ ਪੀ (ਇਨਵੈਸਟੀਗੇਸ਼ਨ), ਜਾਂਚ ਦਲ ਦੇ ਮੁਖੀ, ਗੋਲਰਾ ਥਾਣੇ ਦੇ ਐਸ ਐਚ ਓ ਅਤੇ ਜਾਂਚ ਅਧਿਕਾਰੀ ਨੂੰ ਸਾਂਝੇ ਤੌਰ 'ਤੇ ਗੁਲਾਮ ਕਾਦਿਰ ਨੂੰ ਸੁਰੱਖਿਆ ਦੇਣ ਤੋਂ ਅਸਫਲ ਰਹਿਣ ਦੇ ਜ਼ਿੰਮੇਦਾਰ ਮੰਨਦੀ ਹੈ, ਇਸ ਲਈ ਇਨ੍ਹਾਂ ਸਾਰਿਆਂ 'ਤੇ 1 ਕਰੋੜ ਰੁਪਏ ਦਾ ਜ਼ੁਰਮਾਨਾ ਲਗਾਉਂਦੀ ਹੈ।"

